
# ਮੋਰਚਾ ਗੁਰੂ ਕਾ ਬਾਗ਼



ਸਿਮਰਨਜੀਤ ਕੌਰ (ਡਾ.)

ਧਰਮ ਪ੍ਰਚਾਰ ਕਮੇਟੀ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ।

ਭੇਟਾ ਰਹਿਤ



ਗੁਰਦੁਆਰਾ ਸਾਹਿਬ ਗੁਰੂ ਕਾ ਬਾਗ਼ ਪਾਤਸ਼ਾਹੀ ਪੰਜਵੀਂ



ਗੁਰਦੁਆਰਾ ਸਾਹਿਬ
ਗੁਰੂ ਕਾ ਬਾਗ਼
ਪਾਤਸ਼ਾਹੀ ਨੌਵੀਂ

# ਮੋਰਚਾ ਗੁਰੂ ਕਾ ਬਾਗ਼

ਗੁਰਦੁਆਰਾ ਸਾਹਿਬ ਨਾਲ ਸਿੱਖਾਂ ਦੀਆਂ ਭਾਵਨਾਵਾਂ ਅਤੇ ਸਰੋਕਾਰ ਜੁੜੇ ਹੋਏ ਹਨ, ਜੋ ਸਿੱਖ ਨੂੰ ਗੁਰੂ ਦੀ ਬਖ਼ਸ਼ਿਸ਼ ਸਦਕਾ ਚੜ੍ਹਦੀਕਲਾ ਵੱਲ ਲੈ ਕੇ ਜਾਂਦੇ ਹਨ। ਗੁਰਦੁਆਰਾ ਗੁਰੂ ਦਾ ਦਰ ਹੈ, ਜਿਥੇ ਕੋਈ ਵੀ ਵਿਅਕਤੀ ਕਿਸੇ ਭੇਦ ਭਾਵ ਤੋਂ ਬਿਨਾਂ ਆ ਸਕਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਸਿੱਖਾਂ ਦਾ ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਆਤਮ ਜਗਿਯਾਸਾ ਵਾਲਿਆਂ ਲਈ ਗਯਾਨ ਉਪਦੇਸ਼ਕ ਆਚਾਰਯ, ਰੋਗੀਆਂ ਲਈ ਸ਼ਫ਼ਾਖ਼ਾਨਾ, ਭੁੱਖਿਆਂ ਲਈ ਅੰਨਪੂਰਣਾ, ਇਸਤ੍ਰੀ ਜਾਤਿ ਦੀ ਪਤ ਰੱਖਣ ਲਈ ਲੋਹਮਈ ਦੁਰਗ ਅਤੇ ਮੁਸਾਫ਼ਰਾਂ ਲਈ ਵਿਸ਼੍ਰਾਮ ਦਾ ਅਸਥਾਨ ਹੈ।" ਅਠਾਰ੍ਹਵੀਂ ਸਦੀ ਦੌਰਾਨ ਜ਼ਾਲਮ ਸਰਕਾਰਾਂ ਖ਼ਿਲਾਫ ਜੂਝਦੇ ਸਿੰਘਾਂ ਨੇ ਜਦੋਂ ਘੋੜਿਆਂ ਦੀਆਂ ਕਾਠੀਆਂ 'ਤੇ ਨਿਵਾਸ ਕੀਤਾ, ਉਸ ਸਮੇਂ ਗੁਰਦੁਆਰਿਆਂ ਦੀ ਸੇਵਾ ਸੰਭਾਲ ਦਾ ਪ੍ਰਬੰਧ ਉਦਾਸੀ ਅਤੇ ਨਿਰਮਲੇ ਸੰਤ ਸੁਚੱਜੇ ਢੰਗ ਨਾਲ ਨਿਭਾਉਂਦੇ ਰਹੇ। ਮਿਸਲ ਕਾਲ ਅਤੇ ਖ਼ਾਲਸਾ ਰਾਜ ਦੇ ਸਮੇਂ ਗੁਰਦੁਆਰਿਆਂ ਦੇ ਨਾਮ ਵੱਡੀਆਂ ਜਗੀਰਾਂ / ਜਾਇਦਾਦਾਂ ਲਾਈਆਂ ਗਈਆਂ। ਇਨ੍ਹਾਂ ਸਥਾਨਾਂ 'ਤੇ ਬੈਠੇ ਬਹੁਤਾਤ ਮਹੰਤ ਭ੍ਰਿਸ਼ਟ ਅਤੇ ਦੁਰਾਚਾਰੀ ਹੋ ਗਏ। ਇਨ੍ਹਾਂ ਨੇ ਗੁਰੂ ਘਰਾਂ ਅੰਦਰ ਮਰਯਾਦਾ ਤੋਂ ਉਲਟ ਮਨਮਤੀ ਰਹੁਰੀਤਾਂ ਅਤੇ ਆਪ ਹੁਦਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਜਿਸ ਕਾਰਨ ਸਿੱਖ ਸੰਗਤ ਦੇ ਹਿਰਦੇ ਵਲੂੰਧਰੇ ਪਏ ਸਨ ਅਤੇ ਗਾਹੇ-ਬਗਾਹੇ ਗੁਰਦੁਆਰਿਆਂ ਨੂੰ ਇਨ੍ਹਾਂ ਮਹੰਤਾਂ ਤੋਂ ਆਜ਼ਾਦ ਕਰਵਾਉਣ ਦੀ ਆਵਾਜ਼ ਉੱਠਦੀ ਰਹਿੰਦੀ ਸੀ। ਸ੍ਰੀ ਦਰਬਾਰ ਸਾਹਿਬ (ਸ੍ਰੀ ਅੰਮ੍ਰਿਤਸਰ) ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ (1920 ਈ. ਨੂੰ) ਪੰਥ-ਪ੍ਰਸਤ ਹੱਥਾਂ ਵਿਚ ਆਉਣ ਨਾਲ ਬਾਕੀ ਗੁਰਧਾਮਾਂ ਦੇ ਪ੍ਰਬੰਧ ਸੁਧਾਰਨ ਅਤੇ ਚਲਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆਏ। ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੁਆਰਾ ਸ਼ਾਂਤਮਈ ਢੰਗ ਨਾਲ ਜਬਰ ਦਾ ਮੁਕਾਬਲਾ ਕਰਦਿਆਂ ਜੋ ਲਾਸਾਨੀ ਸ਼ਹਾਦਤਾਂ ਦਿੱਤੀਆਂ ਗਈਆਂ, ਉਸ ਤੋਂ ਪ੍ਰੇਰਨਾ ਲੈਂਦਿਆਂ ਸਿੱਖ ਸੰਗਤ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ

ਅਗਵਾਈ ਹੇਠ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਵਿਚ ਵਧ ਚੜ੍ਹ ਕੇ ਹਿੱਸਾ ਲਿਆ। 1920 ਈ. ਤੋਂ 1925 ਈ. ਤੱਕ ਸ਼ਾਂਤਮਈ ਢੰਗ ਨਾਲ ਚੱਲੀ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੌਰਾਨ ਸਿੱਖਾਂ ਦੇ ਜਜ਼ਬਿਆਂ ਨੇ ਦੇਸ਼ ਦੀ ਅਜ਼ਾਦੀ ਲਈ ਵੀ ਨਵੀਆਂ ਪੈੜਾਂ ਪਾਈਆਂ। ਇਸ ਲਹਿਰ ਦੀ ਆਰੰਭਤਾ ਪਿੱਛੇ ਸਿੱਖ ਕੌਮ ਦੇ ਸਾਂਝੇ ਫਿਕਰ ਅਤੇ ਵਿਦ੍ਰੋਹੀ ਅੰਸ਼ ਸ਼ੁਰੂ ਤੋਂ ਹੀ ਸਨ। ਇਸੇ ਸਮੇਂ ਦੌਰਾਨ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 'ਨਾ ਮਿਲਵਰਤਨ' ਦਾ ਮਤਾ ਪਾਸ ਕੀਤਾ ਤਾਂ ਅੰਗਰੇਜ਼ ਸਰਕਾਰ 'ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ' ਨੂੰ ਰਾਜ ਵਿਰੋਧੀ ਲਹਿਰ ਮੰਨਦਿਆਂ ਇਸ ਨੂੰ ਖ਼ਤਮ ਕਰਨ ਲਈ ਬਾਜ਼ਿੱਦ ਹੋ ਗਈ। ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ, ਗੁਰਦੁਆਰਾ ਸ੍ਰੀ ਤਰਨ ਤਾਰਨ ਸਾਹਿਬ, ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਆਦਿ ਦੇ ਪ੍ਰਬੰਧ ਮਹੰਤਾਂ ਤੋਂ ਆਜ਼ਾਦ ਕਰਾਉਣ ਉਪਰੰਤ ਗੁਰਦੁਆਰਾ ਗੁਰੂ ਕਾ ਬਾਗ਼ ਦੇ ਭ੍ਰਿਸ਼ਟ ਅਤੇ ਦੁਰਾਚਾਰੀ ਮਹੰਤ ਸੁੰਦਰ ਦਾਸ ਅਤੇ ਅੰਗਰੇਜ਼ ਸਰਕਾਰ ਦੀਆਂ ਬਦਨੀਤੀਆਂ ਵਿਰੁੱਧ ਅਕਾਲੀਆਂ ਨੇ 22 ਅਗਸਤ 1922 ਈ. ਤੋਂ 17 ਨਵੰਬਰ 1922 ਈ. ਤੱਕ (ਤਿੰਨ ਮਹੀਨੇ) ਸ਼ਾਂਤਮਈ ਮੋਰਚਾ ਲਾਇਆ। ਸਿੱਖ ਤਵਾਰੀਖ਼ ਅੰਦਰ ਗੁਰਧਾਮਾਂ ਦੀ ਆਜ਼ਾਦੀ, ਗੁਰ ਮਰਯਾਦਾ ਦੀ ਬਹਾਲੀ ਲਈ ਸਮੇਂ ਦੀਆਂ ਜਾਬਰ ਸਰਕਾਰਾਂ ਅਤੇ ਜ਼ੁਲਮ ਖ਼ਿਲਾਫ਼ ਜਥੇਬੰਦਕ ਰੂਪ ਵਿਚ ਸ਼ਾਂਤਮਈ ਢੰਗ ਨਾਲ ਸਵੈ-ਇੱਛਾ ਅਨੁਸਾਰ ਵਿੱਢੇ ਸੰਘਰਸ਼ ਨੂੰ ਮੋਰਚਾ ਕਹਿ ਕੇ ਸੰਬੋਧਨ ਕੀਤਾ ਜਾਂਦਾ ਹੈ।

## ਗੁਰਦੁਆਰਾ ਗੁਰੂ ਕਾ ਬਾਗ਼, ਇਤਿਹਾਸ ਅਤੇ ਪ੍ਰਬੰਧ

ਗੁਰਦੁਆਰਾ ਗੁਰੂ ਕਾ ਬਾਗ਼, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਸਥਾਨ ਹੈ ਜੋ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਦੇ ਪਿੰਡ ਘੁੱਕੇਵਾਲੀ ਅਤੇ ਸੈਂਸਰਾ ਦੇ ਵਿਚਕਾਰ ਪੈਂਦਾ ਹੈ। ਸ੍ਰੀ ਅੰਮ੍ਰਿਤਸਰ ਤੋਂ ਇਸ ਦੀ ਦੂਰੀ ਤਕਰੀਬਨ 25 ਕਿ. ਮੀ. ਹੈ, ਇਹ ਅਜਨਾਲਾ ਰੋਡ 'ਤੇ ਕੁੱਕੜਾਂਵਾਲੇ ਤੋਂ ਫਤਹਿਗੜ੍ਹ ਚੂੜੀਆਂ ਵਾਲੀ ਸੜਕ 'ਤੇ ਪੈਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਡਾਲੀ (ਗੁਰੂ ਕੀ ਵਡਾਲੀ) ਰਹਿੰਦਿਆਂ ਆਲੇ ਦੁਆਲੇ ਦੇ ਪਿੰਡਾਂ ਵਿਚ ਵਿਚਰਦਿਆਂ ਪਿੰਡ ਸੈਂਸਰੇ ਤੋਂ ਚੱਲ ਕੇ ਇਸ ਸਥਾਨ (ਗੁਰਦੁਆਰਾ ਗੁਰੂ ਕਾ ਬਾਗ਼) ਨੂੰ ਆਪਣੀ ਪਵਿੱਤਰ ਚਰਨ ਛੋਹ ਰਾਹੀਂ ਮਾਣ ਬਖ਼ਸ਼ਿਆ। ਗੁਰੂ ਸਾਹਿਬ ਨੇ ਦੋ ਪਿੰਡਾਂ (ਸੈਂਸਰਾ ਅਤੇ ਘੁੱਕੇਵਾਲੀ) ਦੇ ਵਿਚਕਾਰ ਪੈਂਦੇ ਇਸ ਅਣ-ਉਪਜਾਊ ਸਥਾਨ 'ਤੇ ਇੱਕ ਵਣ ਦੇ ਰੁੱਖ ਹੇਠ ਆਸਣ ਲਾਇਆ। ਰਵਾਇਤ ਅਨੁਸਾਰ ਇਸ ਸਥਾਨ 'ਤੇ ਹੀ ਗੁਰੂ ਸਾਹਿਬ ਨੇ ਸੁਕੇਤ ਮੰਡੀ ਦੇ

ਰਾਜੇ ਹਰੀ ਸੈਨ ਨੂੰ ਉਸਦੇ ਜੀਵਨ ਦੀ ਗੁੱਝੀ ਰਮਜ਼ ਸਮਝਾਉਂਦਿਆਂ ਆਵਾ-ਗਵਣ ਦੇ ਸੰਸਿਆਂ ਤੋਂ ਮੁਕਤ ਕੀਤਾ ਅਤੇ ਰਾਜਾ ਗੁਰੂ ਸਾਹਿਬ ਦਾ ਸ਼ਰਧਾਲੂ ਹੋਇਆ। ਇਸ ਸਥਾਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਹੋਣ ਦੇ ਨਾਤੇ 'ਗੁਰੂ ਕੀ ਰੌੜ' ਵਜੋਂ ਜਾਣਿਆ ਜਾਣ ਲੱਗਾ ਅਤੇ ਭਾਈ ਘੁੱਕੇ ਨੇ ਇਸ ਸਥਾਨ ਦੀ ਸੇਵਾ-ਸੰਭਾਲ ਆਰੰਭ ਕੀਤੀ। ਇਸ ਸਥਾਨ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਹੋਣ ਦਾ ਮਾਣ ਵੀ ਪ੍ਰਾਪਤ ਹੋਇਆ, ਜਦੋਂ ਪਿੰਡ ਘੁੱਕੇਵਾਲੀ ਦੀ ਸੰਗਤ ਵੱਲੋਂ ਬੇਨਤੀ ਕਰਨ 'ਤੇ ਗੁਰੂ ਸਾਹਿਬ ਨੇ ਵੱਲੇ ਪਿੰਡ ਤੋਂ ਚੱਲ ਕੇ ਭਾਈ ਲਾਲ ਚੰਦ ਕੋਲ ਉਤਾਰਾ ਕੀਤਾ। ਪਿੰਡ ਘੁੱਕੇਵਾਲੀ ਵਿਖੇ ਗੁਰੂ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਬਾਉਲੀ ਸਾਹਿਬ ਪਾਤਿਸ਼ਾਹੀ ਨੌਵੀਂ ਸੁਸ਼ੋਭਿਤ ਹੈ। ਘੁੱਕੇਵਾਲੀ ਪਿੰਡ ਤੋਂ ਚੱਲ ਕੇ ਗੁਰੂ ਸਾਹਿਬ ਨੇ 'ਗੁਰੂ ਕੀ ਰੌੜ' ਚਰਨ ਪਾਏ। ਗੁਰੂ ਸਾਹਿਬ ਨੇ ਇਲਾਕੇ ਦੀ ਸੰਗਤ ਨੂੰ ਇਸ ਜਗ੍ਹਾ 'ਤੇ ਬਾਗ਼ ਲਾਉਣ ਲਈ ਆਦੇਸ਼ ਕੀਤਾ ਅਤੇ ਇਸ ਸਥਾਨ ਨੂੰ 'ਗੁਰੂ ਕਾ ਬਾਗ਼' ਨਾਮ ਦਿੱਤਾ। ਜਿਸ ਸਦਕਾ 'ਗੁਰੂ ਕੀ ਰੌੜ' ਤੋਂ ਇਸ ਸਥਾਨ ਦਾ ਨਾਮ 'ਗੁਰੂ ਕਾ ਬਾਗ਼' ਪ੍ਰਚਲਿਤ ਹੋਇਆ। ਖ਼ਾਲਸਾ ਰਾਜ ਦੀ ਆਰੰਭਤਾ ਦੌਰਾਨ ਸ. ਨਾਹਰ ਸਿੰਘ ਚਮਿਆਰੀ ਨੇ ਗੁਰਦੁਆਰਾ ਸਾਹਿਬ ਦੀ ਮੁੜ ਉਸਾਰੀ ਕਰਵਾਈ। ਉਪਰੰਤ ਸ. ਪੰਜਾਬ ਸਿੰਘ ਕੁਮੇਦਾਨ (ਖਤਰਾਇ ਕਲਾਂ) ਨੇ ਗੁਰਦੁਆਰਾ ਸਾਹਿਬ ਦੇ ਨਾਮ ਚੰਗੀ ਜਾਗੀਰ ਲਾਈ ਅਤੇ ਪ੍ਰਬੰਧ ਲਈ ਇਕ ਮਹੰਤ ਬਿਠਾਇਆ। ਇਸ ਤਰ੍ਹਾਂ ਗੁਰਦੁਆਰਾ ਸਾਹਿਬ ਦੀ ਇਮਾਰਤ ਅਤੇ ਸਰੋਵਰ ਖ਼ਾਲਸਾ ਰਾਜ ਸਮੇਂ ਤਿਆਰ ਕਰਵਾਏ ਗਏ ਅਤੇ ਪ੍ਰਬੰਧ ਮਹੰਤਾਂ ਦੁਆਰਾ ਚਲਾਇਆ ਜਾਣ ਲੱਗਾ। ਇਸੇ ਗੁਰਦੁਆਰਾ ਸਾਹਿਬ ਵਿਖੇ 1873 ਈ. ਵਿਚ ਉਸ ਸਮੇਂ ਦੇ ਮਹੰਤ ਨੇ ਸ਼ਰਧਾ ਰਾਮ ਫਿਲੌਰੀ ਦਾ ਲੈਕਚਰ ਕਰਵਾਇਆ ਜਿਸ ਵਿਚ ਉਸਨੇ ਸਿੱਖ ਧਰਮ ਖ਼ਿਲਾਫ਼ ਕੂੜ ਪ੍ਰਚਾਰ ਕੀਤਾ। ਮਹੰਤ ਬਿਸ਼ਨ ਦਾਸ ਦੀ ਮੌਤ ਤੋਂ ਬਾਅਦ ਉਸ ਦਾ ਚੇਲਾ ਮਹੰਤ ਸੁੰਦਰ ਦਾਸ ਗੁਰਦੁਆਰਾ ਸਾਹਿਬ 'ਤੇ ਕਾਬਿਜ਼ ਹੋਇਆ। ਜਿਸ ਦੇ ਭ੍ਰਿਸ਼ਟ ਆਚਰਨ ਕਾਰਨ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਆਜ਼ਾਦ ਕਰਵਾਉਣ ਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ 31 ਜਨਵਰੀ 1921 ਈ. ਨੂੰ ਸ. ਕਰਤਾਰ ਸਿੰਘ ਝੱਬਰ ਅਤੇ ਸ. ਦਾਨ ਸਿੰਘ ਵਿਛੋਆ ਗੁਰੂ ਕਾ ਬਾਗ਼ ਵਿਖੇ ਜਥਾ ਲੈ ਕੇ ਗਏ। ਜਿਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਹੰਤ ਸੁੰਦਰ ਦਾਸ ਸਨਮੁਖ ਸ਼ਰਤਾਂ ਰੱਖੀਆਂ ਗਈਆਂ ਕਿ ਮਹੰਤ ਕਿਸੇ ਇਕ ਔਰਤ ਨਾਲ ਆਨੰਦ ਕਾਰਜ ਕਰ ਲਵੇ, ਹੋਰ ਕਿਸੇ ਔਰਤ ਨਾਲ ਅਯੋਗ ਸੰਬੰਧ ਨਾ ਰੱਖੇ। ਮਹੰਤ ਅੰਮ੍ਰਿਤਧਾਰੀ ਹੋ ਕੇ ਸਿੰਘ ਸਜੇ ਅਤੇ ਸ਼੍ਰੋਮਣੀ ਗੁਰਦੁਆਰਾ

ਪ੍ਰਬੰਧਕ ਕਮੇਟੀ ਦੇ ਅਧੀਨ ਰਹਿ ਕੇ ਸੇਵਾ ਕਰੇ। ਸਮਝੌਤੇ ਰਾਹੀਂ ਵਾਅਦਾ ਲਿਆ ਗਿਆ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਈ ਗਿਆਰਾਂ ਮੈਂਬਰੀ ਕਮੇਟੀ (ਜਿਸਦੇ ਪ੍ਰਧਾਨ ਸ. ਦਾਨ ਸਿੰਘ ਵਿਛੋਆ ਤੇ ਸਕੱਤਰ ਸ. ਇੰਦਰ ਸਿੰਘ ਨੂੰ ਨਿਯਤ ਕੀਤਾ) ਦੀ ਨਿਗਰਾਨੀ ਹੇਠ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਚਲਾਵੇਗਾ। ਮਹੰਤ ਨੇ ਇਹ ਸ਼ਰਤਾਂ ਪ੍ਰਵਾਨ ਕਰ ਲਈਆਂ ਤੇ ਉਸੇ ਸਮੇਂ ਇਕ ਸੰਧੀ ਪੱਤ੍ਰ 'ਤੇ ਦਸਤਖ਼ਤ ਕਰ ਦਿੱਤੇ। ਮਹੰਤ ਸੁੰਦਰ ਦਾਸ ਨੇ 8 ਫਰਵਰੀ 1921 ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋ ਕੇ ਅੰਮ੍ਰਿਤ ਛਕ ਲਿਆ ਅਤੇ ਉਸਦਾ ਨਾਮ ਜੋਗਿੰਦਰ ਸਿੰਘ ਰੱਖਿਆ ਗਿਆ।

ਅਕਾਲੀਆਂ ਵੱਲੋਂ ਚਲਾਈ ਗਈ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਨੂੰ ਅੰਗਰੇਜ਼ ਸਰਕਾਰ ਰਾਜਨੀਤਿਕ ਲਹਿਰ ਮੰਨਦੀ ਹੋਈ ਜੜ੍ਹੋਂ ਖ਼ਤਮ ਕਰਨਾ ਚਾਹੁੰਦੀ ਸੀ। ਇਸੇ ਤਹਿਤ ਸਰਕਾਰ ਨੇ ਮਹੰਤਾਂ ਨੂੰ ਵਿਰੋਧੀ ਧਿਰ ਵਜੋਂ ਵਰਤੋਂ ਵਿਚ ਲਿਆਂਦਾ। ਚਾਬੀਆਂ ਦੇ ਮੋਰਚੇ ਦੀ ਫ਼ਤਹਿ (ਜਿਸਨੂੰ ਮਹਾਤਮਾ ਗਾਂਧੀ ਨੇ ਪੱਤਰ ਰਾਹੀਂ ਭਾਰਤ ਦੀ ਆਜ਼ਾਦੀ ਲਈ ਪਹਿਲੀ ਜਿੱਤ ਮੰਨਿਆ) ਨੂੰ ਅੰਗਰੇਜ਼ ਸਰਕਾਰ ਨੇ ਆਪਣੀ ਹੇਠੀ (ਨਿਰਾਦਰ) ਸਮਝਦੇ ਹੋਏ ਅਕਾਲੀ ਲਹਿਰ ਦੇ ਮੁਖੀ ਗ੍ਰਿਫ਼ਤਾਰ ਕਰਨੇ ਸ਼ੁਰੂ ਕਰ ਦਿੱਤੇ। ਅੰਗਰੇਜ਼ ਸਰਕਾਰ ਦੀ ਮਹੰਤਾਂ ਨੂੰ ਪੂਰਨ ਸ਼ਹਿ ਹੋਣ ਦੇ ਨਾਤੇ ਆਪਣੇ ਵਾਅਦੇ ਤੋਂ ਫਿਰਿਆ ਮਹੰਤ ਸੁੰਦਰ ਦਾਸ ਗੁਰਦੁਆਰਾ ਗੁਰੂ ਕਾ ਬਾਗ਼ ਦੀ ਜ਼ਮੀਨ ਨੂੰ ਆਪਣੀ ਸੰਪਤੀ ਮੰਨਣ ਲੱਗਿਆ। ਜੂਨ 1921 ਈ. ਨੂੰ ਮਹੰਤ ਨੇ ਗੁਰਦੁਆਰਾ ਸਾਹਿਬ ਦੀ ਲੋਕਲ ਕਮੇਟੀ ਦੇ ਸਾਰੇ ਕਾਗਜ਼ ਵੀ ਸਾੜ ਦਿਤੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਿਸ਼ਾ-ਨਿਰਦੇਸ਼ ਅਨੁਸਾਰ 23 ਅਗਸਤ 1921 ਈ. ਦੀ ਸਵੇਰ ਸ. ਦਾਨ ਸਿੰਘ ਵਿਛੋਆ ਦੀ ਪ੍ਰਧਾਨਗੀ ਹੇਠ ਭਾਰੀ ਦੀਵਾਨ ਗੁਰਦੁਆਰਾ ਗੁਰੂ ਕਾ ਬਾਗ਼ ਵਿਖੇ ਸਜਾਇਆ ਗਿਆ ਅਤੇ ਸੰਗਤ ਦੇ ਸਹਿਯੋਗ ਰਾਹੀਂ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਪੰਥ ਅਧੀਨ ਕਰ ਲਿਆ ਗਿਆ। ਮਹੰਤ ਦੁਆਰਾ ਸ਼ਿਕਾਇਤ ਕਰਨ 'ਤੇ ਸੁਪ੍ਰਿੰਟੈਂਡੈਂਟ ਆਫ਼ ਪੁਲਿਸ (ਐਸ.ਪੀ.) ਮਿ. ਮੈਕਫ਼ਰਸਨ ਉਸੇ ਦਿਨ ਇਕ ਵਜੇ ਹਥਿਆਰਬੰਦ ਪੁਲਿਸ ਸਮੇਤ ਪੁੱਜ ਗਿਆ ਅਤੇ ਤਸਦੀਕ ਵਜੋਂ ਇਕੱਤ੍ਰਤਾ ਦਾ ਕਾਰਨ ਪੁੱਛਣ ਲੱਗਾ। ਸ. ਦਾਨ ਸਿੰਘ ਵਿਛੋਆ ਨੇ ਮਹੰਤ ਦੁਆਰਾ ਆਪਣੇ ਵਾਅਦੇ ਤੋਂ ਮੁਕਰਨ ਸੰਬੰਧੀ ਦਸਿਆ ਅਤੇ ਅਖ਼ਬਾਰਾਂ ਵਿਚੋਂ ਮਹੰਤ ਨਾਲ ਹੋਏ ਸਮਝੌਤੇ ਦੀ ਕਾਰਵਾਈ ਦਿਖਾਈ। ਇਸ 'ਤੇ ਮੈਕਫ਼ਰਸਨ ਨੇ ਕੋਈ ਪ੍ਰਤੀਕਰਮ ਨਾ ਦਿੰਦਿਆਂ, ਗੁਰਦੁਆਰਾ ਗੁਰੂ ਕਾ ਬਾਗ਼ ਵਿਖੇ ਪੰਜ ਅਕਾਲੀਆ ਨੂੰ ਸੇਵਾ ਲਈ ਰੱਖਣ ਲਈ ਕਿਹਾ ਤੇ ਬਾਕੀਆਂ ਨੂੰ ਸ਼ਾਮ ਤਕ ਉਥੋਂ ਵਾਪਿਸ ਭੇਜ ਦਿੱਤਾ।

ਇਸ ਦੇ ਨਾਲ ਹੀ ਇਸ ਨੇ ਗੁਰਦੁਆਰਾ ਸਾਹਿਬ ਵਿਖੇ ਪੁਲਿਸ ਤਾਇਨਾਤ ਕਰ ਦਿੱਤੀ ਜੋ ਕੁਝ ਦਿਨ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਜ਼ਾਮੰਦੀ 'ਤੇ ਉਠਾ ਦਿੱਤੀ ਗਈ।

## ਮੋਰਚਾ ਗੁਰੂ ਕਾ ਬਾਗ਼

ਗੁਰਦੁਆਰਾ ਗੁਰੂ ਕਾ ਬਾਗ਼ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਕੁਝ ਸਮਾਂ ਚੰਗੀ ਤਰ੍ਹਾਂ ਚਲਦਾ ਰਿਹਾ। ਜਿਥੇ ਵਿਸ਼ੇਸ਼ ਮੌਕਿਆਂ 'ਤੇ ਦੀਵਾਨ ਸਜਾਏ ਜਾਂਦੇ, ਗੁਰੂ ਕਾ ਲੰਗਰ ਅਤੁੱਟ ਵਰਤਦਾ ਅਤੇ ਲੰਗਰ ਲਈ ਬਾਲਣ ਦਾ ਇੰਤਜ਼ਾਮ ਗੁਰਦੁਆਰਾ ਸਾਹਿਬ ਦੀ ਜ਼ਮੀਨ ਵਿਚੋਂ ਹੀ ਸੁੱਕੇ ਦਰਖ਼ਤ ਵੱਢ ਕੇ ਕੀਤਾ ਜਾਂਦਾ। ਕੁਝ ਸਮੇਂ ਬਾਅਦ ਮਹੰਤ ਫਿਰ ਆਪਣੇ ਵਾਅਦੇ 'ਤੇ ਨਾ ਰਹਿ ਕੇ ਮਨ ਆਈਆਂ ਕਰਨ ਲੱਗਾ। ਉਸਨੇ ਸਿੱਖਾਂ ਨੂੰ ਗੁਰੂ ਕੇ ਬਾਗ਼ ਵਿਚੋਂ ਲੰਗਰ ਲਈ ਲੱਕੜਾਂ ਕੱਟਣ ਤੋਂ ਵੀ ਮਨ੍ਹਾ ਕਰ ਦਿੱਤਾ। 8 ਅਗਸਤ 1922 ਈ. ਨੂੰ ਗੁਰਦੁਆਰਾ ਸਾਹਿਬ ਦੇ ਪੰਜ ਸੇਵਕਾਂ ਨੇ ਗੁਰੂ ਕੇ ਬਾਗ਼ ਦੀ ਜ਼ਮੀਨ ਵਿਚੋਂ ਆਮ ਦਿਨਾਂ ਵਾਂਗ ਬਾਲਣ ਕੱਟ ਲਿਆ। ਸ੍ਰੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮਿ. ਡੰਨਟ ਨੇ 9 ਅਗਸਤ 1922 ਈ. ਨੂੰ ਜ਼ੈਲਦਾਰ ਬੇਦੀ ਬ੍ਰਿਜ ਲਾਲ (ਵਾਸੀ ਮਹਿਲਾਂ ਵਾਲਾ, ਜੋ ਇਕ ਝੋਲੀਚੁੱਕ ਸੀ) ਦੀ ਇਤਲਾਹ 'ਤੇ ਐੱਫ.ਆਈ.ਆਰ. ਨੰ. 1288 ਦਰਜ ਕਰਕੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ। ਪਿਛੋਂ ਐਡੀਸ਼ਨਲ ਸੁਪ੍ਰਿੰਟੈਂਡੈਂਟ ਆਫ਼ ਪੁਲਿਸ ਮਿ. ਬੀਟੀ ਅਤੇ ਉਸਦੇ ਸਾਥੀ ਅਫ਼ਸਰ ਨੇ ਗੁਰੂ ਕਾ ਬਾਗ਼ ਪੁੱਜ ਕੇ ਡਿਪਟੀ ਕਮਿਸ਼ਨਰ ਦੀ ਕਾਰਵਾਈ ਦੀ ਪੁਸ਼ਟੀ ਲਈ ਮਹੰਤ ਪਾਸੋਂ ਦਰਖ਼ਾਸਤ ਲੈ ਲਈ। 10 ਅਗਸਤ 1922 ਈ. ਨੂੰ ਗ੍ਰਿਫ਼ਤਾਰ ਕੀਤੇ ਗਏ ਪੰਜ ਸਿੰਘਾਂ—ਭਾਈ ਸੰਤੋਖ ਸਿੰਘ ਲਸ਼ਕਰੀ ਨੰਗਲ, ਭਾਈ ਲਾਭ ਸਿੰਘ ਰਾਜਾਸਾਂਸੀ, ਭਾਈ ਲਾਭ ਸਿੰਘ ਮੱਤੇ ਨੰਗਲ, ਭਾਈ ਸੰਤਾ ਸਿੰਘ ਮੇਸਾ ਆਦਿ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਮੈਜਿਸਟ੍ਰੇਟ ਮਿ. ਈਵਾਨ ਜੇਨਕਿਨਜ਼ ਨੇ ਚੋਰੀ ਦੇ ਇਲਜ਼ਾਮ ਹਿਤ ਛੇ ਮਹੀਨੇ ਕੈਦ, ਪੰਜਾਹ ਰੁਪਏ ਜ਼ੁਰਮਾਨਾ ਕੀਤਾ। ਗੁਰਦੁਆਰਾ ਸਾਹਿਬ ਦੀ ਜ਼ਮੀਨ ਜਿਸ ਵਿਚੋਂ ਲੱਕੜਾਂ ਕੱਟੀਆਂ ਜਾਂਦੀਆਂ ਸਨ ਉਸ ਦਾ ਕੁੱਲ ਰਕਬਾ ਲਗਭਗ 524 ਕਨਾਲ 12 ਮਰਲੇ ਸ਼ਾਮਲਾਤ ਸੀ ਜੋ ਪਿੰਡ ਸੈਂਸਰਾ ਦੇ ਸਿੰਘਾਂ ਨੇ ਗੁਰਦੁਆਰਾ ਗੁਰੂ ਕਾ ਬਾਗ਼ ਦੇ ਨਾਂ ਲਵਾਈ ਸੀ। ਮਹੰਤ ਸੁੰਦਰ ਦਾਸ ਜ਼ਮੀਨ ਦਾ ਕਾਸ਼ਤਕਾਰ ਸੀ ਜੋ ਕਬਜ਼ਾ ਮੁਖ਼ਾਲਿਫਾਨਾ 1892 ਈ. ਤੋਂ ਚਲਦਾ ਆ ਰਿਹਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਾਲਕੀ ਹੋਣ ਨਾਤੇ ਇਥੋਂ ਲੱਕੜਾਂ ਕੱਟਣਾ ਗ਼ੈਰ ਕਾਨੂੰਨੀ ਨਹੀਂ ਸੀ। ਪਰ ਅਕਾਲੀਆਂ 'ਤੇ ਚੋਰੀ

ਲੱਕੜਾਂ ਕੱਟਣ ਦਾ ਝੂਠਾ ਇਲਜ਼ਾਮ ਲਗਾ ਕੇ ਅੰਗਰੇਜ਼ ਸਰਕਾਰ ਅਕਾਲੀ ਲਹਿਰ ਨੂੰ ਦਬਾਉਣਾ ਚਾਹੁੰਦੀ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਨ੍ਹਾਂ ਨਾਜਾਇਜ਼ ਗ੍ਰਿਫ਼ਤਾਰੀਆਂ ਦੇ ਰੋਸ ਵਜੋਂ ਰੋਜ਼ਾਨਾ ਪੰਜ-ਪੰਜ ਸਿੰਘਾਂ ਦੇ ਜਥੇ ਲੱਕੜਾਂ ਕੱਟਣ ਲਈ ਭੇਜਣੇ ਆਰੰਭ ਕਰ ਦਿੱਤੇ, ਬਾਅਦ ਵਿਚ ਇਹ ਗਿਣਤੀ ਨਿਰੰਤਰ ਵਧਦੀ ਗਈ। 20-21-22 ਅਗਸਤ 1922 ਈ. ਨੂੰ ਗੁਰਦੁਆਰਾ ਦੀਵਾਨ ਹਾਲ ਮੰਜੀ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਤਿੰਨ ਦਿਨ ਸਜਾਏ ਗਏ ਦੀਵਾਨ ਦੌਰਾਨ ਜਿਥੇ ਸਰਕਾਰ ਦੀ ਕਾਰਵਾਈ ਵਿਰੁੱਧ ਰੋਸ ਪ੍ਰਗਟ ਕੀਤਾ ਉਥੇ ਹੀ ਸਿੰਘਾਂ ਨੂੰ ਗੁਰਦੁਆਰਾ ਗੁਰੂ ਕਾ ਬਾਗ਼ ਵਿਖੇ ਜਾ ਕੇ ਲੱਕੜਾਂ ਕੱਟਣ ਲਈ ਪ੍ਰੇਰਿਤ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਗਰੇਜ਼ ਸਰਕਾਰ ਦੀਆਂ ਸਖ਼ਤੀਆਂ ਦਾ ਅਕਾਲੀ ਸਿੰਘਾਂ ਦੁਆਰਾ ਸ਼ਾਂਤਮਈ ਰਹਿੰਦਿਆਂ ਮੁਕਾਬਲਾ ਕਰਨ ਹੇਤੂ ਜ਼ਿਲ੍ਹੇਵਾਰ ਜਥੇ ਭੇਜਣ ਦੇ ਪ੍ਰਬੰਧ ਕੀਤੇ ਗਏ। ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਸਵੇਰ ਸਮੇਂ ਦੀਵਾਨ ਸਜਾਏ ਜਾਂਦੇ, ਅਰਦਾਸ ਉਪਰੰਤ ਕੁਝ ਤਕਰੀਰਾਂ ਹੁੰਦੀਆਂ। ਸਿੰਘਾਂ ਦਾ ਜਥਾ ਸ਼ਾਂਤਮਈ ਰਹਿਣ ਦਾ ਪ੍ਰਣ ਕਰਕੇ ਗੁਰਦੁਆਰਾ ਗੁਰੂ ਕਾ ਬਾਗ਼ ਵੱਲ ਕੂਚ ਕਰਦਾ। ਹਰ ਜਥੇ ਦੇ ਸਿੰਘਾਂ ਦਾ ਪਹਿਰਾਵਾ ਖ਼ਾਸ ਹੁੰਦਾ, ਸਿਰਾਂ ’ਤੇ ਕਾਲੀਆਂ ਦਸਤਾਰਾਂ ਸਜਾਈਆਂ ਹੁੰਦੀਆਂ, ਸਿੰਘਾਂ ਦੇ ਗਲਾਂ ਵਿਚ ਫੁੱਲ ਮਾਲਾ ਪਾ ਕੇ ਜਥੇ ਨੂੰ ਰਵਾਨਾ ਕੀਤਾ ਜਾਂਦਾ। ਸ਼ਹਿਰ ਦੇ ਲੋਕ ਲੰਘਦੇ ਜਥੇ ਉਪਰ ਫੁੱਲਾਂ ਦੀ ਵਰਖਾ ਕਰਦੇ।

22 ਅਗਸਤ 1922 ਈ. ਦਿਨ ਮੰਗਲਵਾਰ ਤੋਂ ਪੁਲਿਸ ਨੇ ਸਿੰਘਾਂ ਨੂੰ ਗ੍ਰਿਫ਼ਤਾਰ ਕਰਨਾ ਆਰੰਭ ਕਰ ਦਿੱਤਾ, ਇਸ ਤਰ੍ਹਾਂ ਇਸ ਦਿਨ ਅਸਲ ਮਾਇਨਿਆਂ ਵਿਚ ਮੋਰਚੇ ਦੀ ਸ਼ੁਰੂਆਤ ਹੋਈ। ਇਸ ਦਿਨ 60 ਸਿੰਘ ਗ੍ਰਿਫ਼ਤਾਰ ਹੋਏ। 23 ਅਗਸਤ ਨੂੰ ਸ੍ਰੀ ਅੰਮ੍ਰਿਤਸਰ ਦੇ ਐਡੀਸ਼ਨਲ ਸੁਪ੍ਰਿੰਟੈਂਡੈਂਟ ਆਫ ਪੁਲਿਸ ਮਿ. ਬੀਟੀ ਅਤੇ ਮੈਜਿਸਟ੍ਰੇਟ ਮਿ. ਈਵਾਨ ਜੇਨਕਿਨਜ਼ ਨੇ ਗੁਰਦੁਆਰਾ ਸਾਹਿਬ ਅੰਦਰ ਜਾ ਕੇ ਭਾਈ ਨਿਰੰਜਨ ਸਿੰਘ ਸਮੇਤ ਚਾਰ ਸਿੰਘਾਂ ਨੂੰ ਗ੍ਰਿਫ਼ਤਾਰ ਕੀਤਾ ਤੇ ਉਹਨਾਂ ਨੂੰ ਤਿੰਨ-ਤਿੰਨ ਸੌ ਰੁਪਏ ਜ਼ੁਰਮਾਨਾ, ਇਕ ਸਾਲ ਕੈਦ ਦੀ ਸਜ਼ਾ ਸੁਣਾਈ। 24 ਅਗਸਤ ਤੱਕ ਗ੍ਰਿਫ਼ਤਾਰੀਆਂ ਦੀ ਗਿਣਤੀ 180 ਹੋ ਗਈ। ਡਿਪਟੀ ਕਮਿਸ਼ਨਰ ਨੇ ਉਪਰੋਂ ਮਿਲੀਆਂ ਹਦਾਇਤਾਂ ਅਨੁਸਾਰ ਅਕਾਲੀ ਜਥਿਆਂ ’ਤੇ ਸਖ਼ਤੀ ਕਰਨ ਦਾ ਹੁਕਮ ਦਿੱਤਾ। ਜਿਸ ਅਨੁਸਾਰ 25 ਅਗਸਤ ਤੋਂ ਜਥਿਆਂ ਦੀ ਮਾਰਕੁਟਾਈ ਸ਼ੁਰੂ ਕਰ ਦਿੱਤੀ ਗਈ (ਇਸ ਦਿਨ 30 ਸਿੰਘ ਗੰਭੀਰ ਜ਼ਖ਼ਮੀ ਹੋਏ) ਜੋ 14 ਸਤੰਬਰ ਤਕ ਚਲਦੀ ਰਹੀ।

ਅੰਗਰੇਜ਼ ਸਰਕਾਰ ਨੇ ਮੋਰਚੇ ਨੂੰ ਅਸਫ਼ਲ ਕਰਨ ਹਿਤ ਸ਼੍ਰੋਮਣੀ ਗੁਰਦੁਆਰਾ

ਪ੍ਰਬੰਧਕ ਕਮੇਟੀ ਦੇ ਪ੍ਰਮੁੱਖ ਅੱਠ ਆਗੂਆਂ—ਸਰਦਾਰ ਬਹਾਦਰ ਮਹਿਤਾਬ ਸਿੰਘ (ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਭਗਤ ਜਸਵੰਤ ਸਿੰਘ (ਜਨਰਲ ਸਕੱਤਰ), ਸ. ਨਰਾਇਣ ਸਿੰਘ, ਬੈਰਿਸਟਰ (ਸਕੱਤਰ), ਪ੍ਰੋ. ਸਾਹਿਬ ਸਿੰਘ (ਮੀਤ ਸਕੱਤਰ), ਸ. ਸਰਮੁਖ ਸਿੰਘ ਝਬਾਲ (ਪ੍ਰਧਾਨ ਅਕਾਲੀ ਦਲ), ਮਾ. ਤਾਰਾ ਸਿੰਘ (ਵਰਕਿੰਗ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ. ਰਵੇਲ ਸਿੰਘ (ਮੈਂਬਰ ਸ਼੍ਰੋਮਣੀ ਕਮੇਟੀ) ਅਤੇ ਸ. ਤੇਜਾ ਸਿੰਘ ਚੂਹੜਕਾਨਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ ਇਕੱਤ੍ਰਤਾ (26 ਅਗਸਤ) ਦੌਰਾਨ ਗ੍ਰਿਫ਼ਤਾਰ ਕਰ ਲਿਆ। ਇਸ ਗ੍ਰਿਫ਼ਤਾਰੀ ਤੋਂ ਬਾਅਦ ਮੋਰਚੇ ਸਬੰਧੀ ਪ੍ਰਬੰਧ ਜਥੇਦਾਰ ਤੇਜਾ ਸਿੰਘ ਸਮੁੰਦਰੀ ਨੇ ਸੰਭਾਲੇ। ਸ੍ਰੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮਿ. ਜੇ. ਐੱਮ. ਡੰਨਟ ਨੇ ਅਕਾਲੀ ਲਹਿਰ ਨੂੰ ਕੁਚਲਣ ਲਈ ਸੁਪ੍ਰਿੰਟੈਂਡੈਂਟ ਆਫ ਪੁਲਿਸ ਮਿ. ਮੈਕਫ਼ਰਸਨ (ਐਸ. ਪੀ.) ਅਤੇ ਐਡੀਸ਼ਨਲ ਸੁਪ੍ਰਿੰਟੈਂਡੈਂਟ ਆਫ ਪੁਲਿਸ ਮਿ. ਬੀਟੀ ਨੂੰ ਪੂਰਨ ਅਧਿਕਾਰ ਦਿੱਤੇ ਹੋਏ ਸਨ; ਇਨ੍ਹਾਂ ਅਧਿਕਾਰਾਂ ਦੀ ਵਰਤੋਂ ਕਰਦਿਆਂ ਇਨ੍ਹਾਂ ਨੇ ਅਕਾਲੀਆਂ 'ਤੇ ਅਣ-ਮਨੁੱਖੀ ਤਸ਼ੱਦਦ ਕਰਨਾ ਸ਼ੁਰੂ ਕੀਤਾ। ਪਿੰਡ ਤੇੜਾ ਖ਼ੁਰਦ ਦੇ ਸ. ਭਗਤ ਸਿੰਘ ਅਤੇ ਉਸ ਦਾ ਪੁੱਤਰ ਸ. ਤਾਰਾ ਸਿੰਘ ਜੋ ਆਪਣੇ ਖੇਤਾਂ ਵਿਚ ਕੰਮ ਕਰ ਰਹੇ ਸਨ, ਪੁਲਿਸ ਦੇ ਤਸ਼ੱਦਦ ਦਾ ਸ਼ਿਕਾਰ ਬਣੇ ਅਤੇ ਦੋਵੇਂ ਸਿੰਘ ਸ਼ਹੀਦੀ ਪਾ ਗਏ। ਪੁਲਿਸ ਵੱਲੋਂ ਜਥੇਦਾਰ ਟਹਿਲ ਸਿੰਘ (ਨਿੱਕੀ ਸਰਹਾਲੀ) ਦੇ ਮੂੰਹ 'ਤੇ ਚਪੇੜਾਂ ਮਾਰੀਆਂ ਗਈਆਂ ਅਤੇ ਕੇਸਾਂ ਤੋਂ ਫੜ ਕੇ ਜ਼ਮੀਨ 'ਤੇ ਸੁੱਟਿਆ ਗਿਆ। ਇਸੇ ਤਰ੍ਹਾਂ ਜ਼ਿਲ੍ਹਾ ਲਾਇਲਪੁਰ ਦੇ ਜਥੇ ਨੂੰ ਪਿੰਡ ਛੀਨੇ ਦੇ ਪੁਲ 'ਤੇ ਪਿਛੇ ਮੁੜਨ ਲਈ ਕਿਹਾ ਗਿਆ, ਜਥੇਦਾਰ ਸ. ਪ੍ਰਿਥੀਪਾਲ ਸਿੰਘ (ਉਰਫ ਜਵੰਦ ਸਿੰਘ) ਨੇ ਸਾਫ਼ ਇਨਕਾਰ ਕਰ ਦਿੱਤਾ ਅਤੇ ਅੱਗੇ ਵਧਣਾ ਸ਼ੁਰੂ ਕਰ ਦਿਤਾ। ਜਿਸ ਕਾਰਨ ਪੁਲਿਸ ਨੇ ਸੁੰਮੇਦਾਰ ਡਾਂਗਾਂ ਨਾਲ ਸਿੰਘਾਂ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਇਹ ਸਿੰਘ ਮਾਰ ਖਾ ਕੇ ਵੀ ਸੱਤ ਵਾਰ ਉੱਠਿਆ ਤੇ ਜ਼ਾਲਮਾਂ ਨੇ ਵਾਰ-ਵਾਰ ਮਾਰਿਆ। ਬੇਹੋਸ਼ੀ ਦੀ ਹਾਲਤ ਵਿਚ ਉਸ ਨੂੰ ਸ੍ਰੀ ਅੰਮ੍ਰਿਤਸਰ ਪਹੁੰਚਾਇਆ ਗਿਆ। ਸ਼ਾਂਤਮਈ ਰਹਿੰਦਿਆਂ ਅਕਾਲੀਆਂ ਦੇ ਮੁਖ ਵਿਚੋਂ ਨਿਕਲ ਰਹੀ 'ਵਾਹਿਗੁਰੂ' ਵਾਹਿਗੁਰੂ' ਦੀ ਗੂੰਜ ਸਿੱਖੀ ਸਿਦਕ ਦੇ ਵਿਲੱਖਣ ਦ੍ਰਿਸ਼ ਪੇਸ਼ ਕਰ ਰਹੀ ਸੀ। ਕਈ ਬੇਹੋਸ਼ ਤੇ ਜ਼ਖ਼ਮੀ ਸਿੰਘਾਂ ਨੂੰ ਨਹਿਰ ਦੇ ਸੂਏ ਵਿਚ ਸੁੱਟ ਦਿੱਤਾ ਗਿਆ। ਮੋਰਚੇ ਦੌਰਾਨ ਸਿੰਘਾਂ 'ਤੇ ਢਾਹੇ ਗਏ ਕਹਿਰ ਦੀਆਂ ਅਜਿਹੀਆਂ ਅਨੇਕਾਂ ਹੀ ਮਿਸਾਲਾਂ ਮਿਲਦੀਆਂ ਹਨ। ਪੁਲਿਸ ਨੇ ਕਈ ਮੁਹਤਬਰ ਸੱਜਣ ਜੋ ਦਰਸ਼ਕਾਂ ਵਜੋਂ ਜਥੇ ਨਾਲ ਗਏ ਸਨ, ਨਾਲ ਵੀ ਬੁਰਾ ਵਿਹਾਰ ਕੀਤਾ ਅਤੇ ਉਹਨਾਂ ਦੀਆਂ ਕੀਮਤੀ ਵਸਤਾਂ ਵੀ ਖੋਹ ਲਈਆਂ ਗਈਆਂ। ਇਨ੍ਹਾਂ

ਵਿਚ ਸ. ਸੁੰਦਰ ਸਿੰਘ ਰਾਮਗੜ੍ਹੀਆ, ਸ. ਸੁੰਦਰ ਸਿੰਘ ਧੂਪੀਆ, ਭਾਈ ਮੋਹਨ ਸਿੰਘ ਵੈਦ, ਸ. ਅਮਰ ਸਿੰਘ ਆਦਿ ਸ਼ਖ਼ਸੀਅਤਾਂ ਸਨ।

ਗੁਰਦੁਆਰਾ ਗੁਰੂ ਕਾ ਬਾਗ਼ ਵਿਖੇ ਅਕਾਲੀਆਂ ਦੇ ਇਕੱਠ ਨੂੰ ਗ਼ੈਰ ਕਾਨੂੰਨੀ ਐਲਾਨ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦੂਜੀਆਂ ਸੰਸਥਾਵਾਂ ਵੱਲੋਂ ਭੇਜੀਆਂ ਗਈਆਂ ਦਵਾਈਆਂ ਅਤੇ ਹੋਰ ਵਸਤਾਂ ਪੁਲਿਸ ਵੱਲੋਂ ਜ਼ਬਤ ਕਰ ਲਈਆਂ ਜਾਂਦੀਆਂ। ਗੁਰਦੁਆਰਾ ਗੁਰੂ ਕਾ ਬਾਗ਼ ਨਜ਼ਦੀਕ ਪੈਂਦੇ ਪਿੰਡ ਸੈਂਸਰਾ, ਘੁੱਕੇਵਾਲੀ, ਲਸ਼ਕਰੀ ਨੰਗਲ, ਜਗਦੇਉ ਕਲਾਂ, ਮੱਲੂ ਨੰਗਲ ਆਦਿ ਦੇ ਸਿੰਘ ਇੱਕ 'ਡੁਰਲੀ ਜਥਾ' ਬਣਾ ਕੇ ਕਿਸੇ ਨਾ ਕਿਸੇ ਤਰ੍ਹਾਂ ਸਿੰਘਾਂ ਤਕ ਰਸਦ ਪਹੁੰਚਾਉਂਦੇ ਰਹੇ। ਅਜਿਹੀ ਸੇਵਾ ਕਰਨ ਵਾਲੇ ਸਿੰਘਾਂ ਸਿੰਘਣੀਆਂ ਨੂੰ ਵੀ ਪੁਲਿਸ ਨੇ ਤਸ਼ੱਦਦ ਦਾ ਸ਼ਿਕਾਰ ਬਣਾਇਆ। ਅਦਲੀਵਾਲ ਪਿੰਡ ਦੀ ਬੀਬੀ ਲਾਭ ਕੌਰ (ਵਿਧਵਾ ਭਾਈ ਅਰਜਨ ਸਿੰਘ) ਜੋ ਜ਼ਖਮੀਆਂ ਨੂੰ ਪਿਲਾਉਣ ਲਈ ਸਿਰ 'ਤੇ ਪਾਣੀ ਦੀ ਟਿੰਡ ਚੁਕੀ ਜਾ ਰਹੀ ਸੀ, ਉਸ ਨੂੰ ਕੇਸਾਂ ਤੋਂ ਫੜ੍ਹ ਕੇ ਜ਼ਮੀਨ 'ਤੇ ਸੁੱਟਿਆ ਗਿਆ ਉਪਰੰਤ ਇਲਾਜ ਲਈ ਸ੍ਰੀ ਅੰਮ੍ਰਿਤਸਰ ਵਿਖੇ ਭੇਜਿਆ ਗਿਆ।

ਜ਼ਖ਼ਮੀਆਂ ਦੇ ਇਲਾਜ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 'ਅਕਾਲੀ ਬਾਗ਼' ਅਤੇ 'ਗੁਰੂ ਕਾ ਬਾਗ਼' ਸ੍ਰੀ ਅੰਮ੍ਰਿਤਸਰ ਵਿਖੇ ਹਸਪਤਾਲ ਕਾਇਮ ਕੀਤੇ ਸਨ। ਹਸਪਤਾਲ ਵਿਚ 20 ਸਹਾਇਕ ਸਰਜਨ, 10 ਡਾਕਟਰ, 30 ਕੋਰਸ ਪਾਸ ਕੰਪਾਊਡਰ ਅਤੇ ਹੋਰ ਸਿੰਘ ਸਿੰਘਣੀਆਂ ਹਰ ਤਰ੍ਹਾਂ ਦੀ ਸਹਾਇਤਾ ਲਈ ਹਾਜ਼ਰ ਰਹਿੰਦੇ। ਪੰਜਾਬ ਖ਼ਿਲਾਫ਼ਤ ਕਮੇਟੀ ਨੇ ਵੀ ਆਰਜ਼ੀ ਹਸਪਤਾਲ ਤਿਆਰ ਕਰਕੇ ਜ਼ਖ਼ਮੀਆਂ ਦੇ ਇਲਾਜ ਲਈ ਪ੍ਰਬੰਧ ਕੀਤੇ। ਐਂਬੂਲੈਂਸ ਕੋਰ (ਫੱਟੜਾਂ ਦੀ ਤੁਰੰਤ ਸੇਵਾ ਸੰਭਾਲ ਕਰਨ ਵਾਲਾ ਜਥਾ) ਦਾ ਕੰਮ ਲਾਹੌਰ ਦੇ ਡਾ. ਖਾਨ ਚੰਦ ਦੇਵ ਦੀ ਨਿਗਰਾਨੀ ਵਿਚ ਹੁੰਦਾ ਸੀ। ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਵਾਸੀਆਂ ਨੇ ਵੀ ਜ਼ਖ਼ਮੀਆਂ ਦੀ ਸਹਾਇਤਾ ਲਈ ਹਰ ਤਰ੍ਹਾਂ ਦਾ ਲੋੜੀਂਦਾ ਸਹਿਯੋਗ ਦਿੱਤਾ।

ਅਕਾਲੀਆਂ ਦੀਆਂ ਵਹੀਰਾਂ ਅੱਤ ਦੀ ਸਖ਼ਤੀ ਹੋਣ ਦੇ ਬਾਵਜੂਦ ਵੀ ਗੁਰਦੁਆਰਾ ਗੁਰੂ ਕਾ ਬਾਗ਼ ਵੱਲ ਸ਼ਾਂਤਮਈ 'ਸਤਿਨਾਮ ਸਤਿਨਾਮ ਸਤਿਨਾਮ ਜੀ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜੀ', 'ਸੂਰਾ ਸੋਈ ਸੂਰਾ ਸੋਈ ਜੋ ਲਰੈ ਦੀਨ ਕੇ ਹੇਤ' ਆਦਿ ਜਪਦੀਆਂ ਹੋਈਆਂ ਅੱਗੇ ਵਧਦੀਆਂ ਜਾਂਦੀਆਂ। ਮਾਰ-ਕੁਟਾਈ ਹੋਣ 'ਤੇ ਉਹ ਕੋਈ ਮੁਕਾਬਲਾ ਜਾਂ ਬਚਾਓ ਕਰਨ ਦੀ ਕੋਸ਼ਿਸ਼ ਨਾ ਕਰਦੇ। ਕਈ ਜੁਝਾਰੂ ਬੀਬੀਆਂ ਨੇ ਵੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਕੋਲ ਬੇਨਤੀ ਕੀਤੀ ਕਿ ਇਕ ਜਥਾ ਨਿਰੋਲ ਸਿੰਘਣੀਆਂ ਦਾ ਗੁਰੂ ਕਾ

ਬਾਗ਼ ਵਿਖੇ ਜਾਣ ਦੀ ਆਗਿਆ ਦਿੱਤੀ ਜਾਵੇ। ਇਹ ਬੇਨਤੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੂਰ-ਅੰਦੇਸ਼ੀ ਨਤੀਜਿਆਂ ਹਿਤ ਪ੍ਰਵਾਨ ਨਹੀ ਕੀਤੀ ਗਈ। ਜਥਿਆਂ ਦੀ ਗਿਣਤੀ ਰੋਜ਼ਾਨਾ ਵਧਦੀ ਜਾ ਰਹੀ ਸੀ। ਪੁਲਿਸ ਜਥਿਆਂ ਨੂੰ ਵਾਪਿਸ ਪਰਤ ਜਾਣ ਲਈ ਕਹਿੰਦੀ ਪਰ ਅਕਾਲੀਆਂ ਵੱਲੋਂ ਇਨਕਾਰ ਕਰਨ ਅਤੇ ਅੱਗੇ ਵਧਣ 'ਤੇ ਪੁਲਿਸ ਮਾਰ-ਕੁਟਾਈ ਕਰ ਕੇ ਗੁਰੂ ਕਾ ਬਾਗ਼ ਵੱਲ ਜਾਣ ਤੋਂ ਨਕਾਰੇ ਕਰ ਦਿੰਦੀ। ਇਹ ਮਰਜੀਵੜੇ ਸਿੰਘ ਵਾਰ-ਵਾਰ ਉਠਦੇ ਤੇ ਅੱਗੇ ਵਧਣ ਲੱਗਦੇ, ਤਾਂ ਪੁਲਿਸ ਇਨ੍ਹਾਂ 'ਤੇ ਦੁਬਾਰਾ ਤਸ਼ੱਦਦ ਢਾਹੁਣਾ ਸ਼ੁਰੂ ਕਰ ਦਿੰਦੀ। ਸਿੰਘਾਂ ਨੇ ਗੁਰੂ ਦੀ ਬਖ਼ਸ਼ਿਸ਼ ਸਦਕਾ ਹੌਂਸਲਾ ਨਾ ਹਾਰਿਆ, ਨਾ ਹੀ ਕਿਸੇ ਤਰ੍ਹਾਂ ਦਾ ਮੁਕਾਬਲਾ ਕੀਤਾ। ਕਿਉਂਜੁ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼ਾਂਤਮਈ ਰਹਿਣ ਦਾ ਪ੍ਰਣ ਲੈ ਕੇ ਚਲਦੇ ਸਨ। ਸਿੰਘ ਗੁਰਦੁਆਰਾ ਗੁਰੂ ਕਾ ਬਾਗ਼ ਵਿਖੇ ਜਾਣ ਦਾ ਕਾਨੂੰਨੀ ਅਧਿਕਾਰ ਮੰਗਦੇ ਸਨ, ਉਨ੍ਹਾਂ ਨੂੰ ਹੰਟਰਾਂ ਤੇ ਸੁੰਮੇਦਾਰ ਡਾਂਗਾਂ ਨਾਲ ਕੁੱਟਿਆ ਜਾਂਦਾ, ਉਨ੍ਹਾਂ ਦੀ ਛਾਤੀ 'ਤੇ ਚੜ੍ਹ ਕੇ ਕੁਚਲਿਆ ਜਾਂਦਾ, ਕੇਸ ਪੁੱਟੇ ਜਾਂਦੇ, ਗੁਪਤ ਅੰਗਾਂ 'ਤੇ ਸੱਟਾਂ ਮਾਰੀਆਂ ਜਾਂਦੀਆਂ, ਕੁੱਤਿਆਂ ਤੋਂ ਵਢਾਇਆ ਜਾਂਦਾ, ਘੋੜਿਆਂ ਹੇਠ ਲਿਤਾੜਿਆ ਜਾਂਦਾ ਆਦਿ ਉਪਰੰਤ ਉਨ੍ਹਾਂ ਨੂੰ ਛੱਪੜਾਂ, ਸੂਇਆਂ ਅਤੇ ਨਹਿਰਾਂ ਵਿਚ ਸੁੱਟਿਆ ਜਾਂਦਾ। ਜਿਨ੍ਹਾਂ ਡਾਂਗਾਂ ਨਾਲ ਸਿੰਘਾਂ ਨੂੰ ਕੁੱਟਿਆ ਜਾਂਦਾ (ਡੇਢ ਇੰਚ ਮੋਟੀਆਂ, ਪੰਜ ਤੋਂ ਛੇ ਫੁੱਟ ਲੰਮੀਆਂ) ਉਨ੍ਹਾਂ ਦੇ ਹੇਠਲੇ ਸਿਰੇ 'ਤੇ ਪੰਜ ਤੋਂ ਛੇ ਇੰਚ ਲੰਮੀ ਲੋਹੇ ਦੀ ਸੁੰਮ ਅਤੇ ਉਪਰਲੇ ਸਿਰੇ 'ਤੇ ਅਜਿਹੀ ਹੀ ਪਿੱਤਲ ਦੀ ਸੁੰਮ ਲੱਗੀ ਹੁੰਦੀ ਸੀ। ਸਿੰਘਾਂ ਨੂੰ ਓਦੋਂ ਤਕ ਕੁੱਟਿਆ ਜਾਂਦਾ ਜਦੋਂ ਤੱਕ ਉਹ ਬੇਹੋਸ਼ ਨਾ ਹੋ ਜਾਂਦੇ। ਇਹ ਸਭ ਹੋਣ 'ਤੇ ਵੀ ਸਿੰਘ ਪੂਰੀ ਤਰ੍ਹਾਂ ਚੜ੍ਹਦੀਕਲਾ ਵਿਚ ਸਨ। ਨਿਹੱਥੇ ਸਿੰਘਾਂ 'ਤੇ ਹੋ ਰਹੀ ਮਾਰ ਕੁਟਾਈ ਦਾ ਅਸਰ ਗੋਰਖਾ ਪੁਲਿਸ 'ਤੇ ਵੀ ਹੋਇਆ, ਉਨ੍ਹਾਂ ਨਿਹੱਥੇ ਤੇ ਸ਼ਾਂਤਮਈ ਸਿੰਘਾਂ ਦੀ ਮਾਰ ਕੁਟਾਈ ਤੋਂ ਇਨਕਾਰ ਕਰ ਦਿੱਤਾ। ਇਨ੍ਹਾਂ ਗੋਰਖਿਆਂ ਨੇ ਯੁੱਧ ਦੇ ਮੈਦਾਨ ਵਿਚ ਸਿੰਘਾਂ ਨੂੰ ਵੈਰੀਆਂ ਖ਼ਿਲਾਫ਼ ਜੂਝਦੇ ਦੇਖਿਆ ਸੀ। ਉਨ੍ਹਾਂ ਕਿਹਾ ਜੇ ਇਹ ਲੜਨ ਤਾਂ ਅਸੀਂ ਵੀ ਲੜੀਏ, ਪਰ ਇਸ ਤਰ੍ਹਾਂ ਸਾਨੂੰ ਸੋਭਦਾ ਨਹੀਂ। ਜਿਸ ਕਾਰਨ ਇਨ੍ਹਾਂ ਗੋਰਖਿਆਂ ਵਿਚੋਂ ਬਹੁਤਿਆਂ ਨੂੰ ਨੌਕਰੀ ਤੋਂ ਹਟਾ ਦਿੱਤਾ ਗਿਆ। ਇਨ੍ਹਾਂ ਦੇ ਜਜ਼ਬੇ ਦੀ ਕਦਰ ਕਰਦਿਆਂ ਸ. ਤੇਜਾ ਸਿੰਘ ਸਮੁੰਦਰੀ ਨੇ ਇਨ੍ਹਾਂ ਲਈ ਨੌਕਰੀਆਂ ਦੇ ਇੰਤਜ਼ਾਮ ਕੀਤੇ। ਮਿਰਜ਼ਾ ਯਾਕੂਬ ਬੇਗ (ਮੈਡੀਕਲ ਕੌਂਸਲ ਮੈਂਬਰ) ਨੇ ਇਸ ਅਣਮਨੁੱਖੀ ਤਸ਼ੱਦਦ ਨੂੰ ਦੇਖ ਭਾਵਪੂਰਨ ਟਿੱਪਣੀ ਦਿੰਦਿਆਂ ਕਿਹਾ, "ਸਿੱਖ ਪੰਜਾਬ ਦੀਆਂ ਸਭ ਕੌਮਾਂ ਨਾਲੋਂ ਸਖ਼ਤ ਹਨ। ਜੇ ਇਹ ਸੱਟਾਂ ਕਿਸੇ ਹੋਰ ਕੌਮ

ਦੇ ਲੱਗੀਆਂ ਹੁੰਦੀਆਂ ਉਹ ਬਹੁਤ ਦੁੱਖ ਪਾਉਂਦੇ। ਮੇਰੀ ਰਾਇ ਵਿਚ ਇਹ ਮਾਰ ਕੁਟਾਈ ਦਾ ਮੰਤਵ ਸਿੱਖਾਂ ਨੂੰ ਰੋਕਣਾ ਨਹੀਂ ਸਗੋਂ ਸਜ਼ਾ ਦੇਣਾ ਸੀ। ਜਥਾ ਸ਼ਾਂਤਮਈ ਰਿਹਾ ਪਰ ਪੁਲਿਸ ਨੇ ਅਮਨ ਭੰਗ ਕੀਤਾ। ਅਕਾਲੀਆਂ ਵਿਚ ਰੱਬ ਵਸਦਾ ਸੀ ਪਰ ਪੁਲਿਸ ਜ਼ੁਲਮੀ ਤਾਕਤ ਸੀ। ਕਿਸੇ ਵੀ ਸਿੱਖ ਨੇ ਮਾਰ ਪੈਣ ’ਤੇ ਹਾਇ ਨਹੀਂ ਕੀਤਾ ਨਾ ਹੀ ਖੁਦ ਨੂੰ ਬਚਾਉਣ ਦਾ ਯਤਨ ਕੀਤਾ।”

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਚੱਲੇ ਜਥਿਆਂ ਨੂੰ ਗੁਰਦੁਆਰਾ ਗੁਰੂ ਕਾ ਬਾਗ਼ ਦੇ ਰਾਹ ਵਿਚ ਪੈਂਦੇ ਹਰਸਾ ਛੀਨਾ ਪੁਲ, ਰਾਣੇਵਾਲਾ ਪੁਲ, ਗੁਮਟਾਲਾ ਨਜ਼ਦੀਕ, ਰਾਜਾਸਾਂਸੀ ਆਦਿ ਸਥਾਨਾਂ ’ਤੇ ਪੁਲਿਸ ਵੱਲੋਂ ਰੋਕ ਕੇ ਅੰਨੇਵਾਹ ਤਸ਼ੱਦਦ ਕੀਤਾ ਜਾਂਦਾ। ਕਾਲੀ ਪੱਗ ਵਾਲਾ ਕੋਈ ਵੀ ਸਿੰਘ ਕਿਤੇ ਵੀ ਦਿਖਾਈ ਦਿੰਦਾ ਤਾਂ ਪੁਲਿਸ ਵੱਲੋਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ। ਸ਼ਾਂਤਮਈ ਜਥਿਆਂ ’ਤੇ ਵਰਤੀ ਗਈ ਤਾਕਤ ਦਾ ਦੇਸ਼ ਭਰ ਵਿਚ ਬਹੁਤ ਰੌਲਾ ਪਿਆ ਅਤੇ ਲੋਕ ਸ਼ਾਂਤਮਈ ਰੂਹਾਨੀ ਸੰਗਰਾਮ ਨੂੰ ਦੇਖਣ ਲਈ ਦੂਰ-ਦੂਰ ਤੋਂ ਆਉਣ ਲੱਗੇ। 3 ਸਤੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਚੱਲੇ ਜਥੇ ਦੇ ਨਾਲ ਦੋ ਹਜ਼ਾਰ ਦਰਸ਼ਕਾਂ ਤੋਂ ਇਲਾਵਾ ਕਾਂਗਰਸੀ ਲੀਡਰ ਪੰਡਤ ਮਦਨ ਮੋਹਨ ਮਾਲਵੀਆ, ਮੁਹੰਮਦ ਮਲਕ ਲਾਲ ਖਾਂ (ਮੁਖੀ ਖ਼ਿਲਾਫ਼ਤ ਕਮੇਟੀ), ਮੀਆਂ ਮੁਹੰਮਦ ਸ਼ਰੀਫ਼, ਡਾ. ਯਾਕੂਬ ਬੇਗ, ਚੀਫ਼ ਖ਼ਾਲਸਾ ਦੀਵਾਨ ਦੇ ਕੁਝ ਆਗੂ ਆਦਿ ਚਾਰ ਮੋਟਰਾਂ ਵਿਚ ਜਥੇ ਦੇ ਨਾਲ ਗਏ। ਇਸ ਦਿਨ ਪੁਲਿਸ ਗੁਮਟਾਲੇ ਜਾਂ ਰਾਜਾਸਾਂਸੀ ਹੋਣ ਦੀ ਬਜਾਇ ਛੀਨੇ ਵਾਲੇ ਪੁਲ ’ਤੇ ਮੌਜੂਦ ਸੀ। ਪੁਲਿਸ ਨੇ ਜਥੇ ਦੇ ਸਿੰਘਾਂ ਦੀ ਮਾਰ ਕੁਟਾਈ ਸ਼ੁਰੂ ਕਰ ਦਿੱਤੀ, ਜਦੋਂ ਪੰਡਤ ਮਦਨ ਮੋਹਨ ਮਾਲਵੀਆ ਅਤੇ ਹੋਰ ਆਗੂ ਪਹੁੰਚੇ ਤਾਂ ਇਨ੍ਹਾਂ ਦੀ ਹਾਜ਼ਰੀ ਵਿਚ ਮਾਰ-ਕੁੱਟ ਦੀ ਕੋਈ ਕਾਰਵਾਈ ਨਾ ਕੀਤੀ। ਇਨ੍ਹਾਂ ਦਿਨਾਂ ਵਿਚ ਜਦੋਂ ਅਕਾਲੀਆਂ ਉਤੇ ਪੁਲਿਸ ਵੱਲੋਂ ਘਿਨਾਉਣਾ ਕਹਿਰ ਢਾਹਿਆ ਜਾ ਰਿਹਾ ਸੀ ਤਾਂ ਆਸਮਾਨ ਵਿਚ ਇਕ ਸੁਨਹਿਰੀ ਬਾਜ਼ ਵੀ ਅਕਸਰ ਉਡਾਰੀਆਂ ਮਾਰਦਾ ਦਿਖਾਈ ਦਿੰਦਾ ਜੋ ਗੁਰਦੁਆਰਾ ਗੁਰੂ ਕਾ ਬਾਗ਼ ਤੋਂ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵੱਲ ਜਾਂਦਾ। ਬਾਜ਼ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਤੀਕ ਵਜੋਂ ਮੰਨਿਆ ਜਾਂਦਾ ਹੈ। ਜਦੋਂ ਜ਼ਖ਼ਮੀ ਸਿੰਘ ਬਾਜ਼ ਨੂੰ ਦੇਖਦੇ ਤਾਂ ਉਨ੍ਹਾਂ ਦਾ ਭਰੋਸਾ ਹੋਰ ਮਜ਼ਬੂਤ ਹੁੰਦਾ ਕਿ ਸਾਨੂੰ ਫ਼ਤਹਿ ਨਸੀਬ ਹੋਵੇਗੀ। ਪ੍ਰੋ. ਰੁਚੀ ਰਾਮ ਸਾਹਨੀ ਜੋ ਮੋਰਚਾ ਗੁਰੂ ਕਾ ਬਾਗ਼ ਦੇ ਚਸ਼ਮਦੀਦ ਗਵਾਹ ਸਨ, ਨੇ ਵੀ ਬਾਜ਼ ਦੇਖਣ ਦੀ ਸ਼ਾਹਦੀ ਭਰੀ ਹੈ। ਬਹੁਤ ਸਾਰੇ ਅਖ਼ਬਾਰਾਂ ਦੇ ਪ੍ਰਤੀਨਿਧ / ਪੱਤਰਕਾਰ, ਫ਼ੋਟੋਗ੍ਰਾਫ਼ਰ ਅਤੇ ਮੁਹਤਬਰ ਸ਼ਖ਼ਸੀਅਤਾਂ ਗੁਰੂ ਕਾ ਬਾਗ਼ ਪਹੁੰਚਣ ਨਾਤੇ 9 ਸਤੰਬਰ ਤੋਂ ਰਸਤੇ ਵਾਲੀਆਂ ਪੁਲਿਸ ਚੌਂਕੀਆਂ ਉਠਾ ਲਈਆਂ ਗਈਆਂ। ਹੁਣ ਜਥੇ

ਗੁਰਦੁਆਰਾ ਗੁਰੂ ਕਾ ਬਾਗ਼ ਪਹੁੰਚਦੇ ਅਤੇ ਉਥੇ ਉਨ੍ਹਾਂ ਦੀ ਮਾਰਕੁੱਟ ਕੀਤੀ ਜਾਂਦੀ। 10 ਸਤੰਬਰ ਨੂੰ ਗੁਰਦੁਆਰਾ ਗੁਰੂ ਕਾ ਬਾਗ਼ ਵਿਖੇ ਸਜੇ ਦੀਵਾਨ ਵਿਚ ਪ੍ਰਿੰ. ਗੰਗਾ ਸਿੰਘ ਦਾ ਲੈਕਚਰ ਚੱਲ ਰਿਹਾ ਸੀ ਤਾਂ ਮਿਸਟਰ ਬੀਟੀ ਨੇ ਪ੍ਰਿੰ. ਸਾਹਿਬ ਦੀ ਦੀਵਾਨ ਵਿਚ ਹੀ ਮਾਰਕੁਟਾਈ ਆਰੰਭ ਕਰ ਦਿੱਤੀ।

12 ਸਤੰਬਰ 1922 ਈ. ਨੂੰ ਈਸਾਈ ਪਾਦਰੀ ਸੀ. ਐਫ. ਐਂਡਰੀਊਜ਼ (ਜੋ ਐਂਗਲੀਕਨ ਚਰਚ ਦਾ ਪ੍ਰਚਾਰਕ ਸੀ) ਨੇ ਜ਼ਖ਼ਮੀਆਂ ਦੇ ਹਾਲਾਤ ਹਸਪਤਾਲ ਜਾ ਕੇ ਦੇਖੇ ਅਤੇ ਸਿੰਘਾਂ 'ਤੇ ਪੁਲਿਸ ਵੱਲੋਂ ਕੀਤੇ ਜਾ ਰਹੇ ਜ਼ੁਲਮ ਦੇਖ ਕੇ ਬੜਾ ਭਾਵੁਕ ਹੋਇਆ। ਇਸ ਸੰਬੰਧੀ ਉਸ ਨੇ ਗਵਰਨਰ ਪੰਜਾਬ ਨਾਲ ਗੱਲ ਕਰਦਿਆਂ ਕਿਹਾ, "ਉਸ ਨੇ ਗੁਰੂ ਕੇ ਬਾਗ਼ ਵਿਚ ਸੈਂਕੜੇ ਯਸੂ ਮਸੀਹ ਸੂਲੀ ਚੜ੍ਹਦੇ ਦੇਖੇ ਹਨ।" ਗਵਰਨਰ ਪੰਜਾਬ ਨੇ 14 ਸਤੰਬਰ ਵੀਰਵਾਰ ਨੂੰ ਗੁਰੂ ਕਾ ਬਾਗ਼ ਵਿਖੇ ਮੌਕੇ ਦੇ ਹਾਲਾਤ ਦੇਖੇ, ਉਪਰੰਤ ਸ੍ਰੀ ਅੰਮ੍ਰਿਤਸਰ ਆ ਕੇ ਮੀਟਿੰਗ ਕੀਤੀ ਅਤੇ ਮਾਰ ਕੁਟਾਈ ਬੰਦ ਕਰਨ ਦਾ ਫ਼ੈਸਲਾ ਕੀਤਾ। ਆਖ਼ਿਰ ਸਰਕਾਰ ਤਸ਼ੱਦਦ ਨਾਲ ਵੀ ਅਕਾਲੀ ਮੋਰਚੇ ਨੂੰ ਖ਼ਤਮ ਕਰਨ ਵਿਚ ਅਸਫ਼ਲ ਰਹੀ। ਇਸ ਤੋਂ ਬਾਅਦ ਗ੍ਰਿਫ਼ਤਾਰੀਆਂ ਦਾ ਦੌਰ ਸ਼ੁਰੂ ਹੋ ਗਿਆ ਜੋ 14 ਸਤੰਬਰ ਤੋਂ 17 ਨਵੰਬਰ ਤਕ ਚਲਿਆ। ਰੋਜ਼ਾਨਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਕਾਲੀ ਜਥੇ ਗ੍ਰਿਫ਼ਤਾਰੀ ਦੇਣ ਲਈ ਗੁਰਦੁਆਰਾ ਗੁਰੂ ਕਾ ਬਾਗ਼ ਵਿਖੇ ਪਹੁੰਚਦੇ। ਗ੍ਰਿਫ਼ਤਾਰੀ ਉਪਰੰਤ ਸਿੰਘਾਂ ਦੇ ਕੱਪੜੇ ਉਤਾਰ ਕੇ ਉਨ੍ਹਾਂ ਦੀ ਤਲਾਸ਼ੀ ਵੀ ਲਈ ਜਾਂਦੀ। ਕਈ ਵਾਰ ਉਸੇ ਤਰ੍ਹਾਂ ਤੋਰ ਕੇ ਸ੍ਰੀ ਅੰਮ੍ਰਿਤਸਰ ਕਚਹਿਰੀ ਲਿਜਾਇਆ ਜਾਂਦਾ।

ਗ੍ਰਿਫ਼ਤਾਰੀਆਂ ਦੌਰਾਨ ਵੀ ਸਿੰਘਾਂ 'ਤੇ ਤਸ਼ੱਦਦ ਜਾਰੀ ਰਿਹਾ। ਗੜਗੱਜ ਅਕਾਲੀ ਜਥੇ ਦੇ ਜਥੇਦਾਰ ਭਾਈ ਨਰੈਣ ਸਿੰਘ ਜਦੋਂ ਗ੍ਰਿਫ਼ਤਾਰੀ ਤੋਂ ਪਹਿਲਾਂ ਅਰਦਾਸ ਕਰ ਰਹੇ ਸਨ ਤਾਂ ਉਸਦੇ ਮੂੰਹ ਉਤੇ ਹੱਥ ਰੱਖ ਕੇ ਰੋਕਣ ਦੀ ਕੋਸ਼ਿਸ਼ ਕੀਤੀ ਗਈ। 10 ਅਕਤੂਬਰ ਤੋਂ ਸੌ ਸਿੰਘ ਰੋਜ਼ਾਨਾ ਗ੍ਰਿਫ਼ਤਾਰ ਹੋਣ ਲੱਗੇ, ਜਿਸ ਵਿਚ ਫੌਜੀ ਪੈਨਸ਼ਨਰਾਂ ਦੇ ਜਥੇ ਵੀ ਗਏ ਜਿਨ੍ਹਾਂ ਲੰਮਾ ਸਮਾਂ ਅੰਗਰੇਜ਼ ਸਰਕਾਰ ਦੀ ਨੌਕਰੀ ਕੀਤੀ ਸੀ। ਕਸੂਤੀ ਫਸੀ ਸਰਕਾਰ ਸਮਝ ਗਈ ਸੀ ਕਿ ਅਕਾਲੀ ਲਹਿਰ ਨੂੰ ਦਬਾਉਣਾ ਆਸਾਨ ਨਹੀਂ। ਕੈਦੀਆਂ ਨੂੰ ਸ੍ਰੀ ਅੰਮ੍ਰਿਤਸਰ ਜੇਲ੍ਹ ਅਤੇ ਗੋਬਿੰਦਗੜ੍ਹ ਕਿਲ੍ਹੇ (ਆਰਜ਼ੀ ਜੇਲ੍ਹ) ਵਿਚ ਕੈਦ ਕੀਤਾ ਜਾਂਦਾ ਸੀ। ਗ੍ਰਿਫ਼ਤਾਰ ਕੀਤੇ ਅਕਾਲੀਆਂ ਦੀ ਰੋਜ਼ਾਨਾ ਵਧ ਰਹੀ ਗਿਣਤੀ ਕਾਰਨ ਕੈਦੀਆਂ ਨੂੰ ਰੱਖਣਾ ਵੀ ਸਰਕਾਰ ਲਈ ਗਲੇ ਦੀ ਹੱਡੀ ਬਣਦਾ ਜਾ ਰਿਹਾ ਸੀ। ਜਿਸ ਕਾਰਨ ਸਰਕਾਰ ਨੇ ਬਹੁਤ ਕੈਦੀਆਂ ਨੂੰ ਬਜ਼ੁਰਗ ਜਾਂ ਨਾਬਾਲਗ ਕਹਿ ਕੇ ਛੱਡ ਵੀ ਦਿਤਾ। 12 ਅਕਤੂਬਰ 1922 ਈ. ਨੂੰ 700 ਦੇ ਕਰੀਬ ਅਕਾਲੀ

ਕੈਦੀਆਂ ਨੂੰ ਅਟਕ ਦੀ ਜੇਲ੍ਹ ਲਈ ਰਵਾਨਾ ਕੀਤਾ ਗਿਆ, ਜਿਨ੍ਹਾਂ ਨੂੰ ਜਿਹਲਮ ਸਟੇਸ਼ਨ 'ਤੇ ਸੰਗਤ ਵੱਲੋਂ ਗੱਡੀ ਰੋਕ ਕੇ ਲੰਗਰ ਛਕਾਇਆ ਗਿਆ। 29 ਅਕਤੂਬਰ ਨੂੰ ਸ੍ਰੀ ਅੰਮ੍ਰਿਤਸਰ ਤੋਂ 400 ਕੈਦੀ ਹੋਰ ਜੇਲ੍ਹਾਂ ਵਿਚ ਭੇਜੇ ਗਏ। ਇਸੇ ਤਰ੍ਹਾਂ ਕੁਝ ਕੈਦੀ ਰੇਲ ਗੱਡੀ ਰਾਹੀਂ ਅਟਕ ਵੱਲ ਫਿਰ ਰਵਾਨਾ ਕੀਤੇ ਗਏ ਜਿਨ੍ਹਾਂ ਦੇ ਲੰਗਰ ਦੀ ਸੇਵਾ ਲਈ ਸੰਗਤ ਹਸਨ ਅਬਦਾਲ ਸਟੇਸ਼ਨ 'ਤੇ ਆ ਕੇ ਜੁੜ ਗਈ। ਸਟੇਸ਼ਨ ਮਾਸਟਰ ਵੱਲੋਂ ਗੱਡੀ ਰੋਕਣ ਤੋਂ ਮਨ੍ਹਾਂ ਕਰਨ 'ਤੇ ਸੰਗਤ ਰੇਲ ਦੀ ਪਟੜੀ 'ਤੇ ਅਰਦਾਸਾ ਸੋਧ ਕੇ ਬੈਠ ਗਈ। ਜਦੋਂ ਗੱਡੀ ਆਈ ਤਾਂ ਪੱਟੜੀ 'ਤੇ ਅਡੋਲ ਬੈਠੇ ਗੁਰੂ ਦੇ ਸਿੰਘ ਭਾਈ ਪ੍ਰਤਾਪ ਸਿੰਘ ਅਤੇ ਭਾਈ ਕਰਮ ਸਿੰਘ ਨੇ ਆਪਣੀ ਸ਼ਹਾਦਤ ਦੇ ਕੇ ਗੱਡੀ ਰੋਕ ਕੇ ਆਪਣਾ ਸਿਦਕ ਨਿਬਾਹਿਆ। ਇਨ੍ਹਾਂ ਸ਼ਹੀਦਾਂ ਦਾ ਸਸਕਾਰ ਰਾਵਲਪਿੰਡੀ ਵਿਖੇ ਕੀਤਾ ਗਿਆ। ਇਸ ਘਟਨਾ ਨੂੰ ਸਿੱਖ ਇਤਿਹਾਸ ਵਿਚ 'ਸਾਕਾ ਸ੍ਰੀ ਪੰਜਾ ਸਾਹਿਬ' (30 ਅਕਤੂਬਰ 1922) ਦੇ ਨਾਮ ਵਜੋਂ ਜਾਣਿਆ ਜਾਂਦਾ ਹੈ।

ਮੋਰਚਾ ਗੁਰੂ ਕਾ ਬਾਗ਼ ਦੌਰਾਨ ਸਿੱਖਾਂ ਤੋਂ ਇਲਾਵਾ ਕਾਂਗਰਸ ਆਗੂ ਪੰਡਤ ਮਦਨ ਮੋਹਨ ਮਾਲਵੀਆ, ਸਵਾਮੀ ਸ਼ਰਧਾਨੰਦ, ਹਕੀਮ ਅਜਮਲ ਖਾਂ, ਮੀਆਂ ਮੁਹੰਮਦ ਸ਼ਰੀਫ਼, ਮੌਲਾਨਾ ਸ਼ੌਕਤ ਅਲੀ ਦੇ ਮਾਤਾ ਜੀ, ਸ੍ਰੀ ਮਤੀ ਸਰੋਜਨੀ ਨਾਇਡੂ, ਪਾਦਰੀ ਐਂਡਰੀਊਜ਼, ਲਾਲਾ ਦੁਨੀ ਚੰਦ, ਸੁਆਮੀ ਸ਼ੰਕਰਾਚਾਰੀਆ, ਮਲਕ ਲਾਲ ਖਾਂ, ਪ੍ਰੋ. ਰੁਚੀ ਰਾਮ ਸਾਹਨੀ ਆਦਿ ਅਤੇ ਕਈ ਸੰਸਥਾਵਾਂ ਨੇ ਆਪਣਾ ਆਪਣਾ ਸਹਿਯੋਗ ਪਾਇਆ। ਕੁਲ ਹਿੰਦ ਕਾਂਗਰਸ ਕਮੇਟੀ ਦੀ ਵਰਕਿੰਗ ਕਮੇਟੀ ਨੇ 27 ਸਤੰਬਰ 1922 ਈ. ਦੇ ਮਤੇ ਅਨੁਸਾਰ ਇਕ ਪੜਤਾਲੀਆ ਕਮੇਟੀ ਬਣਾਈ। ਜਿਸ ਦੇ ਪ੍ਰਧਾਨ ਐਸ. ਸਿਰੀਨਿਵਾਸਾ ਆਇੰਗਰ (ਐਕਸ-ਐਡਵੋਕੇਟ ਜਨਰਲ ਮਦਰਾਸ) ਅਤੇ ਸਕੱਤਰ ਪ੍ਰੋ. ਰੁਚੀ ਰਾਮ ਸਾਹਨੀ ਸਨ। ਕਮੇਟੀ ਨੇ ਮੋਰਚਾ ਗੁਰੂ ਕਾ ਬਾਗ਼ ਦੀਆਂ ਘਟਨਾਵਾਂ ਨੂੰ *ਰਿਪੋਰਟ ਆਫ ਗੁਰੂ ਕਾ ਬਾਗ਼ ਕਾਂਗਰਸ ਇਨਕੁਆਇਰੀ ਕਮੇਟੀ* ਦੇ ਨਾਮ ਹੇਠ ਪ੍ਰਕਾਸ਼ਤ ਕੀਤਾ। ਦੇਸ਼-ਵਿਦੇਸ਼ ਤੋਂ ਉਚੇਚੇ ਤੌਰ 'ਤੇ ਪੁੱਜੇ ਪੱਤਰਕਾਰਾਂ ਅਤੇ ਫੋਟੋਗ੍ਰਾਫ਼ਰਾਂ ਨੇ ਮੋਰਚੇ ਦੌਰਾਨ ਢਾਹੇ ਜਾ ਰਹੇ ਕਹਿਰ ਨੂੰ ਹੂ-ਬ-ਹੂ ਤਸਵੀਰਾਂ ਵਿਚ ਉਤਾਰਿਆ। ਮੋਰਚੇ ਨਾਲ ਸੰਬੰਧਿਤ ਤਸਵੀਰਾਂ, ਫ਼ਿਲਮਾਂ ਅਤੇ ਸਾਹਿਤ ਉੱਪਰ ਅੰਗਰੇਜ਼ ਸਰਕਾਰ ਵੱਲੋਂ ਪਾਬੰਦੀ ਲਾ ਦਿੱਤੀ ਗਈ।

'ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ' ਅਨੁਸਾਰ ਖ਼ਬਰ ਫੈਲ ਗਈ ਕਿ ਸਰਕਾਰ ਮੋਰਚੇ ਤੋਂ ਬਚ ਕੇ ਨਿਕਲਣ ਦਾ ਕੋਈ ਹੱਲ ਲਭ ਰਹੀ ਹੈ। ਇਸ ਦੇ ਲਈ ਸਰਕਾਰ ਨੇ ਰਾਇ ਬਹਾਦਰ ਸਰ ਗੰਗਾ ਰਾਮ ਇੰਜੀਨੀਅਰ ਦਾ ਸਹਾਰਾ ਲਿਆ ਜੋ ਕਿ ਚੰਗੇ ਅਸਰ ਰਸੂਖ਼ ਵਾਲੀ ਸ਼ਖ਼ਸੀਅਤ ਸੀ। ਸਰ ਗੰਗਾ ਰਾਮ

ਇੰਗਲੈਂਡ ਤੋਂ ਉੱਚ ਵਿਦਿਆ ਲੈ ਕੇ ਲਾਹੌਰ ਆਏ ਸਨ, ਜਿਨ੍ਹਾਂ 12 ਸਾਲ (1885 ਈ. ਤੋਂ 1897 ਈ.) ਲਾਹੌਰ ਵਿਚ ਸਿਵਿਲ ਇੰਜੀਨੀਅਰ ਵਜੋਂ ਕਾਰਜ ਕੀਤੇ। ਲਾਹੌਰ ਮਿਊਜ਼ੀਅਮ, ਹਾਈ ਕੋਰਟ, ਵੱਡੇ ਗਿਰਜਾ ਘਰ, ਦਿੱਲੀ ਸਕੱਤਰੇਤ, ਐਚਿਸਨ ਚੀਫ਼ ਕਾਲਜ ਆਦਿ ਇਸ ਦੀ ਨਿਗਰਾਨੀ ਹੇਠ ਬਣਾਏ ਜਾਣ ਨਾਤੇ ਉਹ ਸਮਾਂ ਇਮਾਰਤੀ ਹੁਨਰ ਦਾ ਸਰ ਗੰਗਾ ਰਾਮ ਕਾਲ ਕਰਕੇ ਜਾਣਿਆ ਜਾਂਦਾ ਹੈ। ਆਖ਼ਿਰ 17 ਨਵੰਬਰ 1922 ਈ. ਨੂੰ ਇਹ ਮੋਰਚਾ ਲਗਪਗ ਤਿੰਨ ਮਹੀਨੇ ਬਾਅਦ ਖ਼ਤਮ ਹੋਇਆ ਜਦੋਂ ਸਰਕਾਰ ਨੇ ਮਹੰਤ ਸੁੰਦਰ ਦਾਸ ਤੋਂ ਜ਼ਮੀਨ ਸਰ ਗੰਗਾ ਰਾਮ ਇੰਜੀਨੀਅਰ ਲਾਹੌਰ ਨੂੰ ਪਟੇ ’ਤੇ ਦੁਆ ਦਿੱਤੀ। ਸਰ ਗੰਗਾ ਰਾਮ ਨੇ ਲਿਖਤੀ ਰੂਪ ਵਿਚ ਪ੍ਰਸ਼ਾਸਨ ਨੂੰ ਕਿਹਾ ਕਿ ਉਸ ਨੂੰ ਪੁਲਿਸ ਦੀ ਕੋਈ ਲੋੜ ਨਹੀਂ। ਜਦੋਂ ਪੁਲਿਸ ਉਥੋਂ ਚਲੀ ਗਈ ਤਾਂ ਮੋਰਚਾ ਖ਼ਤਮ ਹੋ ਗਿਆ। ਇਸ ਤਰ੍ਹਾਂ ਸਰਕਾਰ ਨੇ ਆਪਣੇ ਆਪ ਨੂੰ ਇਸ ਮੋਰਚੇ ਵਿਚੋਂ ਛੁਡਵਾਇਆ। 18 ਨਵੰਬਰ 1922 ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦੀਵਾਨ ਵਿਚ ਸਰ ਗੰਗਾ ਰਾਮ ਨੇ ਕਿਹਾ, “ਜ਼ਮੀਨ ਗੁਰਦੁਆਰੇ ਦੀ ਹੈ ਅਤੇ ਹਮੇਸ਼ਾ ਗੁਰਦੁਆਰੇ ਦੀ ਰਹੇਗੀ, ਮੈਂ ਗੁਰੂ ਘਰ ਦਾ ਤੁਛ ਜਿਹਾ ਸੇਵਕ ਹਾਂ ਅਤੇ ਇਹ ਪਟਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਰਦਾਸ ਕਰਵਾਉਂਦਾ ਹਾਂ।” 22 ਅਗਸਤ ਤੋਂ 17 ਨਵੰਬਰ ਤਕ ਚੱਲੇ ਮੋਰਚਾ ਗੁਰੂ ਕਾ ਬਾਗ਼ ਦੌਰਾਨ 5605 ਸਿੰਘ ਗ੍ਰਿਫ਼ਤਾਰ ਕੀਤੇ ਗਏ, 1500 ਤੋਂ ਜ਼ਿਆਦਾ ਜ਼ਖ਼ਮੀ ਹੋਏ, ਦਰਜਨ ਦੇ ਕਰੀਬ ਸਿੰਘਾਂ ਨੇ ਸ਼ਹਾਦਤ ਪਾਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮੋਰਚੇ ਦੌਰਾਨ ਰੁਪਏ ਪੈਸੇ ਦੀ, ਆਦਮੀਆਂ ਦੀ ਜਾਂ ਕਿਸੇ ਵੀ ਤਰ੍ਹਾਂ ਦੀ ਕੋਈ ਤੋਟ ਨਹੀਂ ਆਈ। ਤਿੰਨ ਮਹੀਨੇ ਚੱਲੇ ਇਸ ਮੋਰਚੇ ਦੌਰਾਨ ਸਿੰਘ ਚੜ੍ਹਦੀਕਲਾ ਨਾਲ ਗੁਰੂ ਦੇ ਸ਼ੁਕਰ ਵਿਚ ਰਹੇ, ਦੁਨੀਆਂ ਭਰ ਵਿਚ ਪੰਥ ਦਾ ਵਕਾਰ ਅਤੇ ਸਤਿਕਾਰ ਹੋਰ ਵੀ ਵਧ ਗਿਆ। ਸਿੰਘਾਂ ਨੇ ਸ਼ਾਂਤਮਈ ਰਹਿੰਦਿਆਂ ਅੰਗਰੇਜ਼ ਸਰਕਾਰ ਵੱਲੋਂ ਕੀਤੇ ਗਏ ਜਬਰ ਨੂੰ ਸਬਰ ਨਾਲ ਝਲਦਿਆਂ ਮੋਰਚਾ ਗੁਰੂ ਕਾ ਬਾਗ਼ ਵਿਚ ਫ਼ਤਹਿ ਪ੍ਰਾਪਤ ਕੀਤੀ।

ਮੋਰਚੇ ਦੌਰਾਨ ਗ੍ਰਿਫ਼ਤਾਰ ਕੀਤੇ ਸਿੰਘਾਂ ਨੂੰ ਲਾਹੌਰ, ਅਟਕ, ਰਾਵਲਪਿੰਡੀ, ਗੁਜਰਾਤ, ਲਾਇਲਪੁਰ, ਮੁਲਤਾਨ, ਕੈਂਮਲਪੁਰ, ਝੰਗ, ਮੀਆਂਵਾਲੀ ਆਦਿ ਜੇਲ੍ਹਾਂ ਵਿਚ ਕੈਦ ਕੀਤਾ ਗਿਆ। ਜੇਲ੍ਹ ਅੰਦਰ ਵੀ ਸਿੰਘਾਂ ਨੂੰ ਕਈ ਤਰ੍ਹਾਂ ਦੇ ਤਸੀਹੇ ਦਿੱਤੇ ਜਾਂਦੇ ਰਹੇ। ਜੇਲ੍ਹ ਦੀ ਸਜ਼ਾ ਤੋਂ ਇਲਾਵਾ ਕਈ ਸਿੰਘਾਂ ਦੀਆਂ ਜ਼ਮੀਨਾਂ ਜਾਂ ਹੋਰ ਵਸਤਾਂ ਦੀ ਕੁਰਕੀ ਵੀ ਅੰਗਰੇਜ਼ ਸਰਕਾਰ ਦੁਆਰਾ ਕੀਤੀ ਗਈ। ਮਾਰਚ 1923 ਈ. ਵਿਚ ‘ਮੋਰਚਾ ਗੁਰੂ ਕਾ ਬਾਗ਼’ ਦੌਰਾਨ ਗ੍ਰਿਫ਼ਤਾਰ ਕੈਦੀ ਸਿੰਘਾਂ ਨੂੰ ਬਿਨਾਂ ਸ਼ਰਤ ਰਿਹਾ ਕਰਨ ਦਾ ਮਤਾ ਪਾਸ ਹੋ ਗਿਆ।

ਰਿਹਾਈ ਦੌਰਾਨ ਵੀ ਰਾਵਲਪਿੰਡੀ ਦੇ ਸਟੇਸ਼ਨ 'ਤੇ 450 ਸਿੰਘਾਂ ਨੂੰ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ। ਜਿਸ ਕਾਰਨ 5 ਮਈ 1923 ਈ. ਦੀ ਸ਼ਾਮ ਜਦੋਂ ਇਹ ਸਿੰਘ ਸ੍ਰੀ ਅੰਮ੍ਰਿਤਸਰ ਸਟੇਸ਼ਨ 'ਤੇ ਉੱਤਰੇ ਤਾਂ ਉਨ੍ਹਾਂ 'ਚੋਂ 50 ਸਿੰਘ ਤੁਰਨ ਤੋਂ ਵੀ ਅਸਮਰੱਥ ਸਨ। ਉਨ੍ਹਾਂ ਨੂੰ ਚੁੱਕ ਕੇ ਉਤਾਰਿਆ ਗਿਆ ਅਤੇ ਇਲਾਜ ਲਈ ਹਸਪਤਾਲ ਲਿਜਾਏ ਗਏ। ਇਸ ਦਿਨ ਵੱਡੀ ਗਿਣਤੀ ਵਿਚ ਲੋਕ ਸਿੰਘਾਂ ਦਾ ਸਵਾਗਤ ਕਰਨ ਲਈ ਸਟੇਸ਼ਨ 'ਤੇ ਪਹੁੰਚੇ ਸਨ। ਸਿੰਘਾਂ ਦੀ ਹਾਲਤ ਦੇਖ ਇਕੱਠੇ ਹੋਏ ਲੋਕਾਂ ਦੀਆਂ ਅੱਖਾਂ ਨਮ ਸਨ, ਪਰ ਸਿੰਘ ਜੈਕਾਰੇ ਗਜਾਉਂਦੇ ਹੋਏ ਚੜ੍ਹਦੀਕਲਾ ਵਿਚ ਆ ਰਹੇ ਸਨ।

## ਮੋਰਚਾ ਗੁਰੂ ਕਾ ਬਾਗ਼ ਦੇ ਸ਼ਹੀਦ

ਮੋਰਚੇ ਦੌਰਾਨ ਜੇਲ੍ਹ ਵਿਚ, ਇਲਾਜ ਅਧੀਨ ਅਤੇ ਸਾਕਾ ਸ੍ਰੀ ਪੰਜਾ ਸਾਹਿਬ ਵਿਖੇ ਸ਼ਹੀਦ ਹੋਏ ਜਿਨ੍ਹਾਂ ਸਿੰਘਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ ਉਸ ਅਨੁਸਾਰ ਭਾਈ ਭਗਤ ਸਿੰਘ ਅਤੇ ਉਸਦਾ ਪੁੱਤਰ ਭਾਈ ਤਾਰਾ ਸਿੰਘ (ਵਾਸੀ ਤੇੜਾ ਖੁਰਦ, ਅੰਮ੍ਰਿਤਸਰ) ਪੁਲਿਸ ਦੀ ਮਾਰ ਕੁਟਾਈ ਕਾਰਨ ਸ਼ਹੀਦ ਹੋਏ। ਭਾਈ ਕਰਮ ਸਿੰਘ (ਸ੍ਰੀ ਆਨੰਦਪੁਰ ਸਾਹਿਬ) ਅਤੇ ਭਾਈ ਪ੍ਰਤਾਪ ਸਿੰਘ (ਖ਼ਜ਼ਾਨਚੀ ਗੁਰਦੁਆਰਾ ਸ੍ਰੀ ਪੰਜਾ ਸਾਹਿਬ) ਸਾਕਾ ਸ੍ਰੀ ਪੰਜਾ ਸਾਹਿਬ ਦੌਰਾਨ ਸ਼ਹੀਦ ਹੋਏ। ਭਾਈ ਹਰੀ ਸਿੰਘ ਸ੍ਰੀ ਅੰਮ੍ਰਿਤਸਰ ਜੇਲ੍ਹ ਵਿਚ ਸ਼ਹੀਦ ਹੋਏ। ਭਾਈ ਪ੍ਰਕਾਸ਼ ਸਿੰਘ ਜੇਲ੍ਹ ਤੋਂ ਰਿਹਾਅ ਹੋ ਕੇ ਅਗਲੇ ਦਿਨ ਹੀ ਸ਼ਹੀਦੀ ਪਾ ਗਏ। ਭਾਈ ਹਰਦਿੱਤ ਸਿੰਘ (ਅੱਡੇਵਾਲ, ਜਲੰਧਰ) ਲਾਹੌਰ ਬੋਸਟਲ ਜ਼ੇਲ੍ਹ ਵਿਚ ਸ਼ਹੀਦ ਹੋਏ। ਭਾਈ ਜਵਾਲਾ ਸਿੰਘ (ਪੰਜੋਲਾ, ਹੁਸ਼ਿਆਰਪੁਰ) ਅਤੇ ਭਾਈ ਬਿਸ਼ਨ ਸਿੰਘ (ਸੋਹਲ, ਗੁਰਦਾਸਪੁਰ) ਅਟਕ ਜੇਲ੍ਹ ਵਿਚ ਸ਼ਹੀਦ ਹੋਏ। ਭਾਈ ਪ੍ਰਿਥੀਪਾਲ ਸਿੰਘ ਪੁਲਿਸ ਦੀ ਕੁੱਟ ਕਾਰਨ ਲੰਮਾ ਸਮਾਂ ਇਲਾਜ ਅਧੀਨ ਰਹਿੰਦੇ ਹੋਏ, ਹਸਪਤਾਲ ਵਿਚ ਸ਼ਹੀਦ ਹੋਏ। ਮੋਰਚਾ ਗੁਰੂ ਕਾ ਬਾਗ਼ ਦੇ ਸ਼ਹੀਦਾਂ ਦੀ ਯਾਦਗਾਰ ਗੁਰਦੁਆਰਾ ਗੁਰੂ ਕਾ ਬਾਗ਼ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਯਾਦਗਾਰੀ ਸਥਾਨ ਨਜ਼ਦੀਕ ਪਰਿਕਰਮਾਂ ਵਿਚ ਸੁਸ਼ੋਭਿਤ ਹੈ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਸ ਕੀਤੇ ਮਤੇ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੋਰਚਾ ਗੁਰੂ ਕਾ ਬਾਗ਼ ਦੀ ਫ਼ਤਹਿਯਾਬੀ ਬਾਅਦ ਜਨਵਰੀ 1925 ਈ. ਨੂੰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਹੋਈ ਜਨਰਲ ਇਕੱਤ੍ਰਤਾ ਦੌਰਾਨ ਮੋਰਚੇ 'ਚ ਸਹਿਯੋਗ ਪਾਉਣ ਵਾਲੇ ਪਤਵੰਤਿਆਂ ਦਾ ਧੰਨਵਾਦ ਕਰਦਿਆਂ ਹੇਠ ਲਿਖੇ ਮਤੇ ਪਾਸ ਕੀਤੇ:

1) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਦਾ ਅਤੀ ਧੰਨਵਾਦ ਕਰਦੀ ਹੈ ਕਿ ਇਸ ਰੰਗੀਲੇ ਦਲ ਨੇ ਪੰਥ ਅਤੇ ਧਰਮ ਦੀ ਖ਼ਾਤਰ ਕੁਰਬਾਨੀ ਕਰਨ ਵਾਲਿਆਂ ਨੂੰ ਜਥੇਬੰਦ ਕਰਕੇ ਗੁਰੂ ਕੇ ਬਾਗ਼ ਦੇ ਮਾਮਲੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਗਿਆ ਅਨੁਸਾਰ ਕੁਰਬਾਨੀ ਦਾ ਪ੍ਰਵਾਹ ਜਾਰੀ ਰੱਖਿਆ ਅਤੇ ਸ਼ਾਂਤਮਈ ਕੁਰਬਾਨੀ ਨੂੰ ਮੁੱਖ ਰੱਖਦੇ ਹੋਏ ਅਨੇਕਾਂ ਕਸ਼ਟ ਸਹਾਰ ਕੇ ਪੰਥ ਦੀ ਇੱਜ਼ਤ ਨੂੰ ਵਧਾਇਆ।

2) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਹ ਜਨਰਲ ਇਕੱਤਰਤਾ ੳ) ਉਨ੍ਹਾਂ ਅਕਾਲੀ ਵੀਰਾਂ ਦੀ ਕੁਰਬਾਨੀ ਨੂੰ ਬੜੀ ਕਦਰ ਤੇ ਮਾਣੀ ਨਜ਼ਰ ਨਾਲ ਦੇਖਦੀ ਹੈ ਅਤੇ ਉਨ੍ਹਾਂ ਨੂੰ ਵਧਾਈ ਦਿੰਦੀ ਹੈ ਜੋ ਗੁਰੂ ਕੇ ਬਾਗ਼ ਸੰਬੰਧੀ ਸੇਵਾ ਕਰਦੇ ਹੋਏ ਜੇਲ੍ਹੀਂ ਗਏ ਹਨ, ਜਿਨ੍ਹਾਂ ਪੁਲਿਸ ਹੱਥੋਂ ਅਸਹਿ ਕਸ਼ਟ ਸਹਾਰੇ ਅਤੇ ਜਿਨ੍ਹਾਂ ਨੇ ਜ਼ੁਰਮਾਨਿਆਂ ਦੀ ਨਿਹਾਇਤ ਅਯੋਗ ਖੇਚਲ ਸਹਾਰੀ ਤੇ ਸਹਾਰ ਰਹੇ ਹਨ। ਅ) ਗੁਰੂ ਕੇ ਬਾਗ਼ ਦੀ ਸੇਵਾ ਸੰਬੰਧੀ ਫਟੜ ਹੋਏ ਅਕਾਲੀਆਂ ਦੀ ਹਰ ਪ੍ਰਕਾਰ ਦੀ ਸੇਵਾ ਵਿਚ ਜੋ ਹਿੱਸਾ ਸ਼ਹਿਰ ਸ੍ਰੀ ਅੰਮ੍ਰਿਤਸਰ ਨਿਵਾਸੀਆਂ, ਸੰਗਤ ਖ਼ਾਸ ਕਰ ਮਾਈਆਂ, ਬੀਬੀਆਂ ਨੇ ਲਿਆ ਹੈ ਉਹ ਖ਼ਾਸ ਤੌਰ ਪਰ ਕਦਰ ਯੋਗ ਹੈ। ਇਹ ਇਕੱਤ੍ਰਤਾ ਸ੍ਰੀ ਅੰਮ੍ਰਿਤਸਰ ਨਿਵਾਸੀ ਸੰਗਤ ਦਾ ਦਿਲੋਂ ਧੰਨਵਾਦ ਕਰਦੀ ਹੈ। ੲ) ਗੁਰੂ ਕੇ ਬਾਗ਼ ਜਾਂਦਿਆਂ ਰਾਹ ਵਿਚ ਜੋ ਪਿੰਡ ਆਉਂਦੇ ਹਨ ਉਨ੍ਹਾਂ ਪਿੰਡਾ ਦੀ ਅਤੇ ਗੁਰੂ ਕੇ ਬਾਗ਼ ਦੇ ਕੋਲ ਪਾਸ ਜੋ ਪਿੰਡਾਂ ਦੀ ਸੰਗਤ ਨੇ ਜੋ ਸੇਵਾ ਤਨ, ਮਨ, ਧਨ ਦਵਾਰਾ ਸਤਿਗੁਰੂ ਦੀਆਂ ਸੰਗਤਾਂ ਦੀ ਕੀਤੀ ਹੈ ਉਸ ਲਈ ਕਮੇਟੀ ਉਨ੍ਹਾਂ ਦਾ ਬਹੁਤ ਬਹੁਤ ਧੰਨਵਾਦ ਕਰਦੀ ਹੈ। ਸ) ਜੋ ਡਾਕਟਰ ਵੀ ਫਟੜ ਅਕਾਲੀ ਵੀਰਾਂ ਦੇ ਕਸ਼ਟ ਦੀ ਖ਼ਬਰ ਸੁਣਕੇ ਨੱਠੇ ਆਏ ਤੇ ਕਈ ਪ੍ਰਕਾਰ ਦੀ ਬੇਆਰਾਮੀ ਸਹਾਰ ਅਤੇ ਸਮੇਂ ਆਦਿ ਦੀ ਕੁਰਬਾਨੀ ਕਰਕੇ ਜਿਨ੍ਹਾਂ ਨੇ ਮਲਮ ਪੱਟੀ ਆਦਕ ਦੀ ਅਤੁੱਟ ਸੇਵਾ ਕੀਤੀ ਇਹ ਕਮੇਟੀ ਆਪ ਨੂੰ ਉਨ੍ਹਾਂ ਦਾ ਬਹੁਤ ਰਿਣੀ ਸਮਝਦੀ ਹੈ।

3) ਕਿਸੇ ਆਦਰਸ਼ ਦੀ ਖ਼ਾਤਰ ਵੱਡੀ ਤੋਂ ਵੱਡੀ ਕੁਰਬਾਨੀ ਹੈ ਉਸਦੀ ਖ਼ਾਤਰ ਆਪਣੇ ਆਪ ਨੂੰ ਸਦਕੇ ਕਰ ਦੇਣਾ। ਸੋ ਗੁਰਦੁਆਰਾ ਸੁਧਾਰ ਦੀ ਖ਼ਾਤਰ ਜਿਨ੍ਹਾਂ ਸ਼ਹੀਦਾਂ ਨੇ ਗੁਰੂ ਕੇ ਬਾਗ਼ ਸੰਬੰਧੀ ਆਪਣੇ ਆਪ ਨੂੰ ਸਦਕੇ ਕੀਤਾ ਤੇ ਸ਼ਹੀਦੀਆਂ ਪਾਈਆਂ ਉਨ੍ਹਾਂ ਦੀ ਯਥਾ ਯੋਗ ਇੱਜ਼ਤ ਦੀ ਖ਼ਾਤਰ ਗੁਰੂ ਕੇ ਬਾਗ਼ ਸੰਬੰਧੀ ਸ਼ਹੀਦਾਂ ਦੇ ਨਾਮ ਦੀ ਅਰਦਾਸਿਆਂ

ਵਿਚ ਸ਼ਾਮਲ ਕੀਤੇ ਜਾਣ ਲਈ ਇਹ ਕਮੇਟੀ ਪੰਥ ਪਾਸ ਬੇਨਤੀ ਕਰਦੀ ਹੈ ਤੇ ਨਾਲ ਹੀ ਪ੍ਰਵਾਨ ਕਰਦੀ ਹੈ ਕਿ ਇਨ੍ਹਾਂ ਸ਼ਹੀਦਾਂ ਦੀ ਕੋਈ ਯੋਗ ਯਾਦਗਾਰ ਕਾਇਮ ਕੀਤੀ ਜਾਵੇ।

4) ਜਿਨ੍ਹਾਂ ਹਿੰਦੂ ਮੁਸਲਮਾਨ ਆਦਿ ਦੇਸ਼ਵਾਸੀ ਜਥਿਆਂ ਨੇ ਡਾਕਟਰਾਂ ਵਲੰਟੀਅਰਾਂ, ਮਾਇਆ, ਮਲਮ ਪੱਟੀ ਆਦਿ ਦੁਆਰਾ ਅਤੇ ਜਿਨ੍ਹਾਂ ਅਖ਼ਬਾਰਾਂ ਨੇ ਲੇਖਾਂ ਦੁਆਰਾ ਗੁਰੂ ਕੇ ਬਾਗ਼ ਦੇ ਸਤਿਆਗ੍ਰਹਿ ਸਮੇਂ ਸਿੱਖ ਕੌਮ ਦੀ ਸਹਾਇਤਾ ਕੀਤੀ ਅਤੇ ਹਮਦਰਦੀ ਕੀਤੀ ਹੈ ਇਹ ਜਨਰਲ ਇਕੱਤ੍ਰਤਾ ਉਨ੍ਹਾਂ ਦੀ ਬਹੁਤ ਹੀ ਧੰਨਵਾਦੀ ਹੈ।

## ਐਡੀਸ਼ਨਲ ਸੁਪ੍ਰਿੰਟੈਂਡੈਂਟ ਆਫ਼ ਪੁਲਿਸ ਮਿ. ਬੀਟੀ ਦਾ ਸੋਧਾ

ਮਿ. ਬੀਟੀ ਯੂਰਪੀ ਵਿਅਕਤੀ ਸੀ ਜੋ ਮੋਰਚਾ ਗੁਰੂ ਕਾ ਬਾਗ਼ ਦੌਰਾਨ ਸ੍ਰੀ ਅੰਮ੍ਰਿਤਸਰ ਵਿਖੇ ਐਡੀਸ਼ਨਲ ਸੁਪ੍ਰਿੰਟੈਂਡੈਂਟ ਆਫ ਪੁਲਿਸ ਵਜੋਂ ਨਿਯੁਕਤ ਸੀ। ਮੋਰਚੇ ਦੌਰਾਨ ਉਸਨੇ ਸਿੰਘਾਂ 'ਤੇ ਜਿਸ ਤਰ੍ਹਾਂ ਘੋਰ ਤਸ਼ੱਦਦ ਕੀਤਾ ਉਸ ਕਾਰਨ ਸਿੱਖਾਂ ਵਿਚ ਉਸ ਪ੍ਰਤੀ ਬੜਾ ਰੋਸ ਸੀ। 7 ਨਵੰਬਰ 1922 ਈ. ਨੂੰ ਉਸ ਨੂੰ ਤਰੱਕੀ ਦੇ ਕੇ ਸ੍ਰੀ ਅੰਮ੍ਰਿਤਸਰ ਤੋਂ ਰਾਵਲਪਿੰਡੀ ਵਿਖੇ ਤਬਦੀਲ ਕੀਤਾ ਗਿਆ। ਇਸ ਤੋਂ ਬਾਅਦ ਮਹਾਰਾਜਾ ਪਟਿਆਲਾ ਨੇ ਮਿ. ਬੀਟੀ ਨੂੰ ਸੁਪ੍ਰਿੰਟੈਂਡੈਂਟ ਆਫ ਪੁਲਿਸ ਵਜੋਂ ਪਟਿਆਲਾ ਵਿਖੇ ਨਿਯੁਕਤ ਕੀਤਾ। ਉਸ ਨੇ ਅੰਬਾਲਾ ਜੇਲ੍ਹ ਵਿਚ ਵੀ ਕੁਝ ਸਮਾਂ ਡਿਊਟੀ ਕੀਤੀ। ਉਪਰੰਤ ਉਹ ਨਵਾਬ ਮਲੇਰਕੋਟਲਾ ਵੱਲੋਂ ਡੀ. ਆਈ. ਜੀ. ਵਜੋਂ ਵੀ ਨਿਯੁਕਤ ਕੀਤਾ ਗਿਆ। ਜਿਥੇ ਮਲੇਰਕੋਟਲਾ ਦੇ ਲੋਕਾਂ ਵੱਲੋਂ ਉਸ ਦਾ ਵਿਰੋਧ ਕੀਤਾ ਗਿਆ। ਨੌਕਰੀ ਤੋਂ ਫ਼ਾਰਗ ਹੋਣ ਬਾਅਦ ਇਹ ਜ਼ਾਲਮ ਅਫ਼ਸਰ ਰਿਆਸਤ ਪਟਿਆਲਾ ਦੇ ਪਿੰਡ ਚੱਠੇ ਸੇਖਵਾਂ (ਸੰਗਰੂਰ) ਵਿਖੇ ਰਹਿਣ ਲੱਗਾ। ਇਸੇ ਪਿੰਡ ਵਿਚ ਹੀ ਬੱਬਰ ਅਕਾਲੀਆਂ ਸ. ਕਰਤਾਰ ਸਿੰਘ ਛੀਨੀਵਾਲ, ਕੁੰਢਾ ਸਿੰਘ ਗਾਜੀਆਣਾ, ਬਚਨ ਸਿੰਘ ਲੋਹਾ ਖੇੜਾ, ਫ਼ਜ਼ਲਾ ਘੁੰਮਣ ਵਾਲਾ, ਭੋਲਾ ਸਿੰਘ ਲੋਹਾ ਖੇੜਾ ਆਦਿ ਨੇ ਪਿੰਡ ਦੇ ਵਾਸੀ ਕਾਕਾ ਸਿੰਘ ਨੂੰ ਨਾਲ ਗੰਢ ਕੇ ਮੋਰਚਾ ਗੁਰੂ ਕਾ ਬਾਗ਼ ਦੌਰਾਨ ਸਿੱਖਾਂ 'ਤੇ ਜ਼ੁਲਮ ਢਾਹੁਣ ਵਾਲੇ ਜ਼ਾਲਿਮ ਬੀਟੀ ਨੂੰ ਉਸ ਦੀ ਕਰਨੀ ਦਾ ਫਲ ਦਿੱਤਾ।

– • –




ਸ਼ਹੀਦੀ ਯਾਦਗਾਰ ਮੋਰਚਾ ਗੁਰੂ ਕਾ ਬਾਗ਼



ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਜਥਾ ਮੋਰਚਾ ਗੁਰੂ ਕਾ ਬਾਗ਼ ਲਈ ਰਵਾਨਾ ਹੋਣ ਸਮੇਂ

ਜੁਲਾਈ 2022 5,000 ਛਾਪਕ: ਗੋਲਡਨ ਆਫਸੈਟ ਪ੍ਰੈਸ, ਸ੍ਰੀ ਅੰਮ੍ਰਿਤਸਰ।